Rs.10/-

Excellence in Agri Info

KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

All Subject to Patiala Jurisdiction.

www.khetiduniyan.in

78ਵੇਂ ਸੁਤੰਤਰਤਾ ਦਿਵਸ ਦੀਆਂ ਲੱਖ-ਲੱਖ ਵਧਾਈਆਂ

Editor : Jagpreet Singh • RNI/PUNPUN00806 • Issue Dated 17-08-2024 • Vol.42 No.33 • Ph. : 0175-2214575, 90410-14575 • Page : 16 | E-mail : khetiduniyan1983@gmail.com



# ਝੋਨੇ ਵਿਚ ਤਣੇ ਦੁਆਲੇ ਪੱਤੇ ਦੇ ਝੁਲਸ ਰੋਗ (ਸ਼ੀਥ ਬਲਾਈਟ) ਦੀ ਪਹਿਚਾਣ ਅਤੇ ਰੋਕਥਾਮ

ਹਰਵਿੰਦਰ ਸਿੰਘ ਬੁੱਟਰ, ਸੰਜੀਵ ਕੁਮਾਰ ਕਟਾਰੀਆ ਅਤੇ ਪ੍ਰਭਜੀਤ ਕੌਰ,
ਕ੍ਰਿਸ਼ੀ ਵਿਗਿਆਨ ਕੇਂਦਰ, ਜਲੰਧਰ, ਮੋਬਾਇਲ : 94788-86565

**ਤਣੇ ਦੁਆਲੇ ਪੱਤੇ ਦੇ ਝੁਲਸ ਰੋਗ (ਸ਼ੀਥ ਬਲਾਈਟ)** : ਝੋਨੇ ਦੀ ਸ਼ੀਥ ਜਾਂ ਪੱਤੇ ਜਿਨ੍ਹਾਂ ਨੇ ਤਣੇ ਨੂੰ ਲਪੇਟਿਆ ਹੰਦਾ ਹੈ । ਉਨ੍ਹਾਂ ਉੱਤੇ ਸੱਪ ਦੀਆਂ ਕੌਡੀਆਂ ਵਰਗੇ ਸਲੇਟੀ ਤੋਂ ਹਰੇ ਰੰਗ ਦੇ ਧੱਬੇ ਪੈ ਜਾਂਦੇ ਹਨ, ਜਿਨ੍ਹਾਂ ਦੇ ਸਿਰੇ ਹਲਕੇ ਜਾਮਣੀ ਰੰਗ ਦੇ ਹੁੰਦੇ ਹਨ । ਇਹ ਧੱਬੇ ਬਾਅਦ ਵਿਚ ਵੱਧ ਕੇ ਇੱਕ ਦੂਜੇ ਨਾਲ ਮਿਲ ਜਾਂਦੇ ਹਨ । ਇਹ ਨਿਸ਼ਾਨੀਆਂ ਆਮ ਕਰਕੇ ਫਸਲ ਦੇ ਨਿਸਰਣ ਸਮੇਂ ਦੇਖਣ ਵਿਚ ਆਉਂਦੀਆਂ ਹਨ । ਇਹ ਧੱਬੇ ਪਾਣੀ ਦੀ ਸਤਹਿ ਤੋਂ ਸ਼ੁਰੂ ਹੋ ਕੇ ਬੂਟੇ ਦੇ ਉੱਪਰ ਵੱਲ ਨੂੰ ਵੱਧਦੇ ਹੋਏ ਮੁੰਜਰਾਂ ਤੱਕ ਪਹੁੰਚ ਜਾਂਦੇ ਹਨ । ਇਹਨਾਂ ਦਾਗੀ ਮੁੰਜਰਾਂ ਵਿਚ ਦਾਣਾ ਪੂਰਾ ਨਹੀਂ ਬਣਦਾ ਅਤੇ ਝੋਨੇ ਦੇ ਝਾੜ ਤੇ ਕੁਆਲਿਟੀ ਵਿਚ ਨੁਕਸਾਨ ਹੋ ਜਾਂਦਾ ਹੈ । ਇਸ ਬਿਮਾਰੀ ਦੀਆਂ ਨਿਸ਼ਾਨੀਆਂ ਆਮ ਕਰਕੇ ਖੇਤ ਦੇ ਬੰਨਿਆਂ ਨੇੜੇ ਪਹਿਲਾਂ ਨਜ਼ਰ ਆਉਂਦੀਆਂ ਹਨ ਕਿਉਕਿ ਇਸ ਬਿਮਾਰੀ ਦੀ ਉੱਲੀ ਦੇ ਕਣ ਖੇਤ ਦੇ ਬੰਨਿਆਂ ਤੇ ਉੱਗੇ ਘਾਹ ਜਾਂ ਦੱਬ ਉੱਤੇ ਜਿਊਂਦੇ ਰਹਿੰਦੇ ਹਨ ਜੋ ਬੰਨੇ ਦੇ ਨਾਲ ਲੱਗਦੇ ਝੋਨੇ ਦੇ ਬੂਟਿਆਂ ਤੇ ਬਿਮਾਰੀ ਲਗਾ ਦਿੰਦੇ ਹਨ ।

**ਰੋਕਥਾਮ** : ★ ਲੋੜ ਤੋਂ ਜ਼ਿਆਦਾ ਨਾਈਟ੍ਰੋਜਨ ਪਾਉਣ ਨਾਲ ਇਸ ਬਿਮਾਰੀ ਦਾ ਹਮਲਾ ਵੀ ਜ਼ਿਆਦਾ ਹੁੰਦਾ ਹੈ ਇਸ ਲਈ ਨਾਈਟ੍ਰੋਜਨ ਵਾਲੀਆਂ ਖਾਦਾਂ ਦੀ ਵਰਤੋਂ ਸਿਫਾਰਿਸ਼ ਮਾਤਰਾ ਤੋਂ ਵੱਧ ਬਿਲਕੁਲ ਨਾ ਕਰੋ ।



★ ਇਹ ਬਿਮਾਰੀ ਵੱਟਾਂ ਤੇ ਉੱਗੇ ਘਾਹ ਤੋਂ ਸ਼ੁਰੂ ਹੁੰਦੀ ਹੈ ਇਸ ਲਈ ਆਪਣੇ ਖੇਤਾਂ ਦੇ ਵੱਟਾਂ ਬੰਨੇ ਸਾਫ ਰੱਖੋ ਅਤੇ ਝੋਨਾ ਲਾਉਣ ਤੋਂ ਬਾਅਦ ਜੇਕਰ ਪਨੀਰੀ ਦੀਆਂ ਗੁੱਟੀਆਂ ਬੱਚਦੀਆਂ ਹਨ ਤਾਂ ਉਨ੍ਹਾਂ ਨੂੰ ਵੀ ਖੇਤ ਚੋਂ ਬਾਹਰ ਕੱਢੋ ਕਿਉਕਿ ਉਹ ਬਿਮਾਰੀ ਦਾ ਸਰੋਤ ਬਣ ਸਕਦੀਆਂ ਹਨ ।

★ ਇਸ ਰੋਗ ਨੂੰ ਰੋਕਣ ਲਈ, ਬੂਟੇ ਦੇ ਜਾੜ ਮਾਰਨ ਸਮੇਂ, ਜਿਉਂ ਹੀ ਬਿਮਾਰੀ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ 150 ਮਿਲੀਲਿਟਰ ਇਗਲੇਅਰ / ਪਲਸਰ 24 ਐਸ ਸੀ (ਥਾਈਫਲੂਜਾਮਾਈਡ) ਜਾਂ 26.8 ਗ੍ਰਾਮ ਐਪਿਕ 75 ਡਬਲਯੂ ਜੀ (ਹੈਕਸਾਕੋਨਾਜ਼ੋਲ) ਜਾਂ 400 ਮਿਲੀਲਿਟਰ ਗਲੀਲਿਓ ਵੇਅ 18.76 ਐੱਸ ਸੀ (ਪਿਕੋਕਸੀਸਟ੍ਰੋਬਿਨ + ਪ੍ਰੋਪੀਕੋਨਾਜ਼ੋਲ) ਜਾਂ 200 ਮਿਲੀਲਿਟਰ ਐਮੀਸਟਾਰ ਟੌਪ 325 ਐਸ ਸੀ ਜਾਂ ਟਿਲਟ/ਬੰਪਰ/ਪੀਕਾਪੀਕਾ 25 ਈ ਸੀ (ਪ੍ਰੋਪੀਕੋਨਾਜ਼ੋਲ) ਜਾਂ ਫੋਲੀਕਰ/ਓਰੀਅਸ 25 ਈ ਸੀ (ਟੈਬੂਕੋਨਾਜੋਲ) ਜਾਂ 80 ਗ੍ਰਾਮ ਨਟੀਵੋ 75 ਡਬਲਯੂ ਜੀ (ਟ੍ਰਾਈਫਲੌਕਸੀਸਟ੍ਰੋਬਿਨ + ਟੈਬੂਕੋਨਾਜੋਲ) ਜਾਂ 320 ਮਿਲੀਲਿਟਰ ਲਸਚਰ 37.5 ਐੱਸ ਈ (ਫਲੂਜੀਲਾਜੋਲ + ਕਾਰਬੈਂਡਾਜ਼ਿਮ) ਜਾਂ 200 ਮਿਲੀਲਿਟਰ ਮੋਨਸਰਨ 250 ਐੱਸ ਸੀ (ਪੈਨਸਾਈਕੂਰੋਨ) ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

★ ਜਦੋਂ ਫਸਲ ਗੋਭ ਸਥਿਤੀ ਵਿਚ ਹੁੰਦੀ ਹੈ, ਉਸ ਵੇਲੇ ਆਪਣੀ ਫਸਲ ਦਾ ਲਗਾਤਾਰ ਨਿਰੀਖਣ ਕਰਦੇ ਰਹੋ । ਜੇਕਰ ਫਸਲ ਦੀ ਗੋਭ ਸਥਿਤੀ ਵੇਲੇ ਬਿਮਾਰੀ ਦੀਆਂ ਨਿਸ਼ਾਨੀਆਂ ਦਿੱਸਣ ਤਾਂ ਉਸੇ ਵਕਤ ਸਿਫਾਰਿਸ਼ ਕੀਤੇ ਕਿਸੇ ਇਕ ਉੱਲੀਨਾਸ਼ਕ ਦਾ ਛਿੜਕਾਅ ਕਰੋ ਅਤੇ ਲੋੜ ਪੈਣ ਤੇ 15 ਦਿਨਾਂ ਦੇ ਵਕਫੇ ਤੇ ਇਕ ਹੋਰ ਛਿੜਕਾਅ ਦੁਹਰਾਓ ।



★ ਉੱਲੀ ਨੂੰ ਫੈਲਣ ਤੋਂ ਰੋਕਣ ਲਈ, ਬਿਮਾਰੀ ਵਾਲੇ ਖੇਤ ਤੋਂ ਦੂਜੇ ਖੇਤਾਂ ਵਿਚ ਪਾਣੀ ਨਾ ਜਾਣ ਦਿਓ ।

★ ਉੱਲੀ ਨਾਸ਼ਕਾਂ ਤੋਂ ਚੰਗੇ ਨਤੀਜੇ ਲੈਣ ਲਈ ਅਤੇ ਬਿਮਾਰੀ ਦੀ ਵਧੀਆ ਰੋਕਥਾਮ ਲਈ, ਪਾਣੀ ਦੀ ਸਿਫਾਰਿਸ਼ ਮਾਤਰਾ ਹੀ ਲਓ ਅਤੇ ਛਿੜਕਾਅ ਦਾ ਰੁੱਖ ਹਮੇਸ਼ਾਂ ਬੂਟਿਆਂ ਦੇ ਮੁੱਢਾਂ ਵੱਲ ਰੱਖੋ ।

# ਝੋਨੇ ਦੀ ਸਿੱਧੀ ਬਿਜਾਈ ’ਚ ਨਦੀਨਾਂ ਦਾ ਸਫਲ ਪ੍ਰਬੰਧਨ

ਜਸਪ੍ਰੀਤ ਸਿੰਘ ਰੰਧਾਵਾ,
ਖੇਤੀਬਾੜੀ ਵਿਕਾਸ ਅਫਸਰ, ਪਟਿਆਲਾ

ਪੰਜਾਬ ‘ਚ ਝੋਨਾ-ਕਣਕ ਫਸਲੀ ਚੱਕਰ ਸਭ ਤੋਂ ਵੱਧ ਪ੍ਰਚਲਿਤ ਹੈ । ਬਾਕੀ ਫਸਲਾਂ ਅਧੀਨ ਰਕਬਾ ਘਟਣ ਕਰਕੇ ਝੋਨੇ ਅਧੀਨ ਲਗਭਗ 31.68 ਲੱਖ ਹੈਕਟੇਅਰ ਹੋ ਗਿਆ ਹੈ । ਇਸ ਦੀ ਸਰਕਾਰੀ ਖਰੀਦ ਇਸ ਫਸਲ ਨੂੰ ਉਤਸ਼ਾਹਿਤ ਕਰਦੀ ਹੈ, ਜਿਸ ਕਰਕੇ ਇਹ ਸਾਉਣੀ ਦੀ ਮੁੱਖ ਫਸਲ ਬਣ ਗਈ ਹੈ । ਇਸ ਫਸਲ ਲਈ ਪਾਣੀ ਦੀ ਜ਼ਰੂਰਤ ਬਹੁਤ ਜ਼ਿਆਦਾ ਹੈ । ਇਕ ਕਿੱਲੋ ਚਾਵਲ ਪੈਦਾ ਕਰਨ ਲਈ 3000 ਲੀਟਰ ਪਾਣੀ ਦੀ ਖਪਤ ਹੋ ਜਾਂਦੀ ਹੈ । ਨਤੀਜੇ ਵਜੋਂ ਧਰਤੀ ਹੇਠਲੇ ਪਾਣੀ ਦੇ ਸਰੋਤਾਂ ‘ਚ ਬਹੁਤ ਕਮੀ ਆ ਗਈ ਹੈ । ਇਸ ਸਮੱਸਿਆ ਨਾਲ ਨਜਿੱਠਣ ਲਈ ਝੋਨੇ ਦੀ ਸਿੱਧੀ ਬਿਜਾਈ ਇਕ ਅਹਿਮ ਰੋਲ ਅਦਾ ਕਰ ਸਕਦੀ ਹੈ । ਇਸ ਵਿਧੀ ਅਧੀਨ ਰਕਬਾ ਹਰ ਸਾਲ ਵੱਧਦਾ ਜਾ ਰਿਹਾ ਹੈ ਅਤੇ ਇਸ ਸਾਲ ਪੰਜਾਬ ‘ਚ ਕੁੱਲ 2 ਲੱਖ ਹੈਕਟੇਅਰ ਤੋਂ ਵਧੇਰੇ ਰਕਬੇ ‘ਤੇ ਸਿੱਧੀ ਬਿਜਾਈ ਹੋਈ ਹੈ । ਫਾਜ਼ਿਲਕਾ ਜ਼ਿਲ੍ਹਾ ਇਸ ਵਾਰ ਇਸ ਵਿਧੀ ਨੂੰ ਅਪਣਾਉਣ ‘ਚ ਮੋਹਰੀ ਰਿਹਾ ਹੈ । ਇਸ ਵਿਧੀ ਨਾਲ ਨਾ ਕੇਵਲ ਪਾਣੀ ਦੀ ਬੱਚਤ ਹੁੰਦੀ ਹੈ, ਪ੍ਰੰਤੂ ਨਾਲ ਦੀ ਨਾਲ ਦਰਪੇਸ਼ ਲੇਬਰ ਦੀ ਸਮੱਸਿਆ ਤੋਂ ਛੁਟਕਾਰਾ, ਘੱਟ ਬਿਮਾਰੀ (ਬਾਸਮਤੀ ਦੀ ਝੰਡੇ ਰੋਗ ‘ਚ ਬਹੁਤ ਕਮੀ) ਅਤੇ ਘੱਟ ਕੀਟ-ਪਤੰਗਿਆਂ ਦਾ ਹਮਲਾ ਅਤੇ ਅਗਲੀ ਫਸਲ ਦੇ ਝਾੜ ‘ਚ ਵਾਧਾ ਆਦਿ ਫਾਇਦੇ ਪ੍ਰਾਪਤ ਹੁੰਦੇ ਹਨ । ਇਸ ਵਿਧੀ ਨੂੰ ਕਾਮਯਾਬ ਕਰਨ ਲਈ ਸਭ ਤੋਂ ਅਹਿਮ ਢੰਗ ਹੈ, ਨਦੀਨਾਂ ਦੇ ਪ੍ਰਬੰਧਨ । ਫਸਲ ‘ਚ ਨਦੀਨਾਂ ਦੀ ਰੋਕਥਾਮ ਵਾਸਤੇ ਨਦੀਨ ਨਾਸ਼ਕਾਂ ਦੀ ਸਹੀ ਮਾਤਰਾ, ਸਹੀ ਢੰਗ ਅਤੇ ਸਹੀ ਸਮੇਂ ਉੱਤੇ ਵਰਤੋਂ ਜ਼ਰੂਰੀ ਹੈ । ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਲੋਂ ਬਿਜਾਈ ਤੋਂ 24-48 ਘੰਟੇ ਦੇ



ਵਿਚ-ਵਿਚ ਸਟੌਂਪ 30 ਈ. ਸੀ. (ਪੈਂਡੀਮੈਥਾਲਿਨ) 1.0 ਲੀਟਰ/ਏਕੜ ਨੂੰ 200 ਲੀਟਰ ‘ਚ ਘੋਲ ਕੇ ਉਪਯੋਗ ਕਰਨ ਦੀ ਸਿਫਾਰਿਸ਼ ਹੈ । ਇਸ ਸਪਰੇਅ ਨਾਲ ਘਾਹ ਵਾਲੇ ਅਤੇ ਚੌੜੇ ਪੱਤੇ ਵਾਲੇ ਨਦੀਨ ਉੱਗਦੇ ਨਹੀਂ ਹਨ । ਇਸ ਉਪਰੰਤ ਜੇਕਰ ਫਿਰ ਵੀ ਕੁਝ ਨਦੀਨ ਉੱਗ ਪੈਣ ਤਾਂ ਨਦੀਨ ਦੀ ਕਿਸਮ ਅਤੇ ਅਵਸਥਾ ਨੂੰ ਧਿਆਨ ‘ਚ ਰੱਖ ਕੇ ਇਨ੍ਹਾਂ ਉੱਪਰ ਕਾਬੂ ਪਾਇਆ ਜਾ ਸਕਦਾ ਹੈ । ਜੇਕਰ ਸਵਾਂਕ ਅਤੇ ਝੋਨੇ ਦੇ ਮੋਥੇ ਨਜ਼ਰ ਆਉਣ ਤਾਂ ਤੁਰੰਤ ਹੀ ਨੋਮਨੀ ਗੋਲਡ 10 ਈ. ਸੀ. (ਬਾਇਸਪਾਇਰੀਬੈਕ ਸੋਡੀਅਮ) ਦੀ ਵਰਤੋਂ 100 ਮਿਲੀਲੀਟਰ/ਏਕੜ ਦੀ ਵਰਤੋਂ ਕਰਨੀ ਚਾਹੀਦੀ ਹੈ, ਜੇਕਰ ਘੋੜਾ ਘਾਹ, ਮਧਾਣਾ, ਚਿੜੀ ਘਾਹ ਅਤੇ ਤਕੜੀ ਘਾਹ ਦਿਖਾਈ ਦੇਣ ਤਾਂ ਰਾਈਸ ਸਟਾਰ 6.7 ਈ.ਸੀ. (ਫੀਨੌਕਸਾਪਰੌਪ-ਪੈਰਾ-ਇਥਾਈਲ) ਦੀ 400 ਮਿਲੀਲੀਟਰ/ਏਕੜ ਦੀ ਸਿਫਾਰਿਸ਼ ਹੈ । ਚੌੜੇ ਪੱਤੇ ਵਾਲੇ, ਝੋਨੇ ਦੇ ਮੋਥੇ ਤੋਂ ਇਲਾਵਾ ਜੇ ਗੰਢੀ ਵਾਲਾ ਮੋਥਾ ਵੀ ਨਜ਼ਰ ਆਵੇ ਤਾਂ ਐਲਮਿਕਸ 20 ਡਬਲਯੂ.ਪੀ. (ਕਲੋਰੀਮਿਊਰਾਨ+ ਮੈਟਸਲਫਿਊਰਾਨ) ਨਾਲ ਇਨ੍ਹਾਂ ਦੀ ਰੋਕਥਾਮ ਹੋ ਸਕਦੀ ਹੈ । ਇਨ੍ਹਾਂ ਨਦੀਨ ਨਾਸ਼ਕ ਦਵਾਈਆਂ ਦੀ ਵਰਤੋਂ 2-4 ਪੱਤਿਆਂ ਦੀ ਅਵਸਥਾ ‘ਤੇ ਕਰਨੀ ਚਾਹੀਦੀ ਹੈ । ਜੇਕਰ ਨਦੀਨ ਛੋਟੇ ਹੋਣ (1-2 ਪੱਤੇ) ਤਾਂ ਪ੍ਰੀ-ਮਿਕਸ ਦਵਾਈ ਵਿਵਾਯਾ 6 ਓ.ਡੀ. (ਪੀਨੌਕਸਲਮ + ਸਾਇਹੈਲੋਫਾਪ) ਦੀ 900 ਮਿਲੀਲੀਟਰ / ਏਕੜ ਵਰਤੋਂ ਕੀਤੀ ਜਾ ਸਕਦੀ ਹੈ । ਇਸ ਨਾਲ ਸਵਾਂਕ, ਘੋੜਾ ਘਾਹ, ਚੌੜੇ ਪੱਤੇ ਵਾਲੇ ਅਤੇ ਝੋਨੇ ਦੇ ਮੋਥੇ ‘ਤੇ ਕਾਬੂ ਪਾਇਆ ਜਾ ਸਕਦਾ ਹੈ । ਜੇਕਰ ਨਾਲ ਗੰਢੀ ਵਾਲਾ ਮੋਧਾ ਵੀ ਹੋਵੇ ਤਾਂ 90 ਗ੍ਰਾਮ / ਏਕੜ ਕੌਂਸਲ ਐਕਟਿਵ 30 ਡਬਲਯੂ.ਜੀ. (ਟ੍ਰਾਈਐਫ਼ੂਮੋਨ + ਈਥੋਕਸੀਸਲਫਿਊਰਾਨ) ਦੀ ਵਰਤੋਂ ਕੀਤੀ ਜਾ ਸਕਦੀ ਹੈ ।

ਇਸ ‘ਚ ਧਿਆਨ ਰੱਖਣ ਯੋਗ ਗੱਲ ਇਹ ਹੈ ਕਿ ਜੇਕਰ ਨਦੀਨਾਂ ਦੀ ਉਮਰ ਨਦੀਨਾਂ ਦੀ ਉਮਰ ਦਸੀ ਅਵਸਥਾ ਤੋਂ ਉਪਰ ਹੋ ਜਾਵੇ, ਤਾਂ ਨਦੀਨ ਨਾਸ਼ਕ ਕਾਰਗਰ ਸਾਬਤ ਨਹੀਂ ਹੁੰਦੇ । ਬਿਜਾਈ ਤੋਂ ਬਾਅਦ ਵਰਤੇ ਜਾਣ ਵਾਲੇ ਨਾਸ਼ਕ ਲਈ ਪਾਣੀ ਦੀ ਮਾਤਰਾ 150 ਲੀਟਰ/ਏਕੜ ਰੱਖਣੀ ਚਾਹੀਦੀ ਹੈ । ਬਿਜਾਈ ਵੇਲੇ ਫਲੈਟ ਫੈਨ (ਕਟ ਵਾਲੀ) ਜਾਂ ਫਲਡ ਜੈਟ (ਟੱਕ ਵਾਲੀ) ਨੋਜ਼ਲ ਅਤੇ ਬਿਜਾਈ ਉਪਰੰਤ ਫਲੈਟ ਫੈਨ ਨੋਜ਼ਲ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ । ਸਪਰੇਅ ਦੇ ਸਮੇਂ ਖੇਤ ‘ਚ ਵੱਤਰ ਹੋਣਾ ਚਾਹੀਦਾ ਹੈ ਅਤੇ ਇਹ ਵੱਤਰ ਹਫਤੇ ਤੱਕ ਰਹਿਣਾ ਚਾਹੀਦਾ ਹੈ । ਪਰੰਤੂ ਸਪਰੇਅ ਵੇਲੇ ਪਾਣੀ ਖੜ੍ਹਾ ਨਹੀਂ ਹੋਣਾ ਚਾਹੀਦਾ । ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਝੋਨੇ ਦੀ ਸਿੱਧੀ ਬਿਜਾਈ ਅਤੇ ਕੱਦੂ ਕੀਤੇ ਝੋਨੇ ‘ਚ ਵਰਤੀਆਂ ਜਾਣ ਵਾਲੀਆਂ ਦਵਾਈਆਂ ‘ਚ ਅੰਤਰ ਹੈ, ਕਿਉਕਿ ਦੋਨੋਂ ਖੇਤਾਂ ‘ਚ ਵੱਖਰੇ ਕਿਸਮ ਦੇ ਨਦੀਨ ਅਤੇ ਜ਼ਮੀਨ ਦੀ ਹਾਲਤ ਵੱਖਰੀ ਹੁੰਦੀ ਹੈ । ਇਨ੍ਹਾਂ ਗੱਲਾਂ ਦਾ ਧਿਆਨ ਰੱਖ ਕੇ ਝੋਨੇ ਦੀ ਸਿੱਧੀ ਬਿਜਾਈ ਨੂੰ ਕਾਮਯਾਬ ਕੀਤਾ ਜਾ ਸਕਦਾ ਹੈ । ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ 1500 ਰੁਪਏ/ਏਕੜ ਦੀ ਪ੍ਰੋਤਸ਼ਾਹਨ ਰਾਸ਼ੀ ਦਾ ਐਲਾਨ ਇਸ ਵਾਰ ਕੀਤਾ ਗਿਆ ਹੈ । ਆਓ, ਇਸ ਵਿਧੀ ਨੂੰ ਅਪਣਾਈਏ ਅਤੇ ਪੰਜਾਬ ਦੇ ਧਰਤੀ ਹੇਠਲੇ ਪਾਣੀ ਬਚਾਉਣ ‘ਚ ਆਪਣਾ ਯੋਗਦਾਨ ਪਾਈਏ ।

**ਝੋਨੇ ਦੀ ਫਸਲ ਨੂੰ ਗੰਭੀਰ ਨੁਕਸਾਨ ਤੋਂ ਬਚਾਉਣ ਲਈ ਬਿਮਾਰੀਆਂ ਦੀ ਪਹਿਚਾਣ ਕਰਨੀ ਅਤੇ ਇਲਾਜ ਦੇ ਯੋਗ ਪ੍ਰਬੰਧ ਕਰਨ ਦੇ ਉਪਾਵਾਂ ਸੰਬੰਧੀ ਪਹਿਲਾਂ ਤੋਂ ਜਾਣੂ ਹੋਣਾ ਬੜਾ ਜ਼ਰੂਰੀ ਹੈ, ਜੋ ਕਿ ਕਿਸਾਨਾਂ ਨੂੰ ਝੋਨੇ ਦੀ ਫਸਲ ਤੋਂ ਵਧੀਆ ਪੈਦਾਵਾਰ ਲੈਣ ਵਿਚ ਸਹਾਇਕ ਸਿੱਧ ਹੋਵੇਗਾ।**



# ਝੋਨੇ ਦੀਆਂ ਮੁੱਖ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ

**ਅਮਰਜੀਤ ਸਿੰਘ, ਮਨਦੀਪ ਹੁੰਝਣ ਅਤੇ ਯੈਸਮੀਨ ਕੌਰ,**
ਪੌਦਾ ਰੋਗ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 94637-47280

## 1. ਤਣੇ ਦੁਆਲੇ ਪੱਤੇ ਦਾ ਝੁਲਸ ਰੋਗ (ਸ਼ੀਥ ਬਲਾਈਟ)

ਇਹ ਬਿਮਾਰੀ ਰਾਈਜ਼ੋਕਟੋਨੀਆ ਸੋਲੇਨਾਈ ਨਾਮਕ ਉੱਲੀ ਦੇ ਹਮਲੇ ਕਾਰਨ



ਲੱਗਦੀ ਹੈ ਜਿਸਦੇ ਬੀਜਾਣੂੰ ਮਿੱਟੀ ਵਿਚ ਪਲਦੇ ਰਹਿੰਦੇ ਹਨ। ਇਹ ਬਿਮਾਰੀ ਪਹਿਲਾਂ ਪਾਣੀ ਦੀ ਸਤਹਿ ਦੇ ਨੇੜਲੇ ਪੱਤਿਆਂ ਤੋਂ ਸ਼ੁਰੂ ਹੁੰਦੀ ਹੈ। ਆਮ ਤੌਰ ਫਸਲ ਗੋਭ ਵਿਚ ਆਉਣ ਸਮੇਂ ਇਸ ਬਿਮਾਰੀ ਦੀਆਂ ਨਿਸ਼ਾਨੀਆਂ ਦਿਖਾਈ ਦਿੰਦੀਆਂ ਹਨ। ਬਿਮਾਰੀ ਦੇ ਹਮਲੇ ਨਾਲ ਪੱਤੇ ਦੇ ਹੇਠਲੇ ਹਿੱਸੇ ਉੱਪਰ ਸਲੇਟੀ ਤੋਂ ਹਰੇ ਰੰਗ ਦੇ ਧੱਬੇ ਪਾਣੀ ਦੀ ਸੱਤ੍ਹਾ ਦੇ ਨੇੜੇ ਬਣ ਜਾਂਦੇ ਹਨ। ਗੰਭੀਰ ਹਾਲਤਾਂ ਵਿਚ ਇਹ ਬਿਮਾਰੀ ਉੱਪਰਲੇ ਪੱਤਿਆਂ ਅਤੇ ਮੁੰਜਰਾਂ ਤੱਕ ਵੀ ਪਹੁੰਚ ਜਾਂਦੀ ਹੈ ਜਿਸ ਕਰਕੇ ਮੁੰਜਰਾਂ ਵਿਚ ਦਾਣੇ ਪੂਰੀ ਤਰ੍ਹਾਂ ਨਹੀਂ ਬਣਦੇ ਅਤੇ ਦਾਗੀ ਵੀ ਹੋ ਜਾਂਦੇ ਹਨ। ਇਸ ਬਿਮਾਰੀ ਦੀ ਉੱਲੀ ਦੀਆਂ ਮਘਰੋੜੀਆਂ ਮਿੱਟੀ ਵਿਚ ਜਾਂ ਬਿਮਾਰੀ ਵਾਲੇ ਮੁੱਢਾਂ ਜਾਂ ਪਰਾਲੀ ਵਿਚ ਰਹਿ ਜਾਂਦੀਆਂ ਹਨ ਜੋ ਕਿ ਅਗਲੇ ਸਾਲ ਮੁੜ ਸੁਰਜੀਤ ਹੋ ਕੇ ਝੋਨੇ ਦੇ ਬੂਟਿਆਂ ਤੇ ਹਮਲਾ ਕਰ ਦਿੰਦੀਆਂ ਹਨ।

**ਸਰਵਪੱਖੀ ਇਲਾਜ** : ਕਿਸਾਨ ਭਰਾਵੋ ਇਸ ਬਿਮਾਰੀ ਨੂੰ ਕਾਬੂ ਕਰਨ ਲਈ ਹਮੇਸ਼ਾਂ ਸਤੁੰਲਿਤ ਖਾਦਾਂ ਦੀ ਹੀ ਵਰਤੋਂ ਕਰੋ। ਝੋਨੇ ਦੀ ਫਸਲ ਵਿਚ ਨਾਈਟ੍ਰੋਜਨ ਖਾਦ ਦੀ ਵਧੇਰੇ ਵਰਤੋਂ ਕਰਨ ਨਾਲ ਬਿਮਾਰੀ ਵੱਧ ਸਕਦੀ ਹੈ। ਇਸ ਲਈ ਖਾਦ ਯੂਨੀਵਰਸਿਟੀ ਦੀਆਂ ਸਿਫਰਿਸ਼ਾਂ ਅਨੁਸਾਰ ਹੀ ਪਾਓ। ਇਸ ਬਿਮਾਰੀ ਦੀ ਲਾਗ ਵੱਟਾਂ-ਬੰਨਿਆਂ ਤੇ ਉੱਗੇ ਘਾਹ ਤੋਂ ਵੀ ਲਗ ਸਕਦੀ ਹੈ, ਇਸ ਲਈ ਵੱਟਾਂ-ਬੰਨਿਆਂ ਨੂੰ ਘਾਹ ਤੋਂ ਰਹਿਤ ਰੱਖੋ। ਉੱਲੀਨਾਸ਼ਕਾਂ ਨੂੰ ਲੋੜ ਦੇ ਅਧਾਰ 'ਤੇ ਹੀ ਵਰਤਨਾ ਚਾਹੀਦਾ ਹੈ। ਖੇਤ ਵਿਚ ਬੂਟੇ ਦੇ ਜਾੜ ਮਾਰਨ ਸਮੇਂ ਜਿਉਂ ਹੀ ਬਿਮਾਰੀ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ 200 ਮਿ.ਲਿ. ਐਮੀਸਟਾਰ ਟੌਪ ਜਾਂ ਫੋਲੀਕਰ/ਓਰੀਅਸ 25 ਈ ਸੀ ਜਾਂ 80 ਗ੍ਰਾਮ ਨਟੀਵੋ 75 ਡਬਲਯੂ ਜੀ ਜਾਂ 150 ਮਿ.ਲਿ. ਪਲਸਰ / ਇਗਲੋਅਰ 24 ਐਸ. ਸੀ. ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਬੂਟਿਆਂ ਦੇ ਮੁੱਢਾਂ ਵੱਲ ਰੁਖ ਕਰਕੇ ਛਿੜਕਾਅ ਕਰੋ। ਲੋੜ ਪੈਣ ਤੇ ਦੂਜਾ ਛਿੜਕਾਅ 15 ਦਿਨ ਦੇ ਵਕਫੇ ਨਾਲ ਕੀਤਾ ਜਾ ਸਕਦਾ ਹੈ।

## 2. ਭੂਰੇ ਧੱਬਿਆਂ ਦਾ ਰੋਗ

ਇਸ ਬਿਮਾਰੀ ਨਾਲ ਪੱਤਿਆਂ ਉੱਪਰ ਗੋਲ ਭੂਰੇ ਧੱਬੇ ਜਿਹੜੇ ਕਿ ਵਿਚਕਾਰੋਂ ਗੂੜ੍ਹੇ ਭੂਰੇ, ਬਾਹਰੋਂ ਹਲਕੇ ਭੂਰੇ ਰੰਗ ਦੇ ਹੁੰਦੇ ਹਨ। ਗੰਭੀਰ ਹਾਲਤਾਂ ਵਿਚ ਇਹ ਧੱਬੇ ਦਾਣਿਆਂ ਉੱਤੇ ਵੀ ਬਣ ਜਦੇ ਹਨ। ਇਹ ਬਿਮਾਰੀ ਜ਼ਿਆਦਾਤਰ ਰੇਤਲੀਆਂ ਜਾਂ ਮਾੜੀਆਂ ਜ਼ਮੀਨਾਂ ਜਿੱਥੇ ਤੱਤਾਂ ਜਾਂ ਪਾਣੀ ਦੀ ਘਾਟ ਲੱਗੀ ਹੋਵੇ, ਉੱਥੇ ਜ਼ਿਆਦਾ ਆਉਂਦੀ ਹੈ। ਸਿੱਧੀ ਬਿਜਾਈ ਵਾਲੇ ਖੇਤਾਂ



ਵਿਚ ਇਸ ਦਾ ਹਮਲਾ ਅਕਸਰ ਨਜ਼ਰ ਆਉਂਦਾ ਹੈ। ਇਸ ਕਰਕੇ ਕਿਸਾਨ ਵੀਰਾਂ ਨੂੰ ਇਹ ਅਪੀਲ ਕੀਤੀ ਜਾਂਦੀ ਹੈ ਕਿ ਉਹ ਖਾਸ ਤੌਰ 'ਤੇ ਹਲਕੀਆਂ ਜ਼ਮੀਨਾਂ ਜਿਨ੍ਹਾਂ ਵਿਚ ਖੁਰਾਕੀ ਤੱਤਾਂ ਦੀ ਘਾਟ ਹੋਵੇ ਜਾਂ ਨੀਮ ਪਹਾੜੀ ਖੇਤਰਾਂ ਵਿਚ ਜਾਂ ਜਿੱਥੇ ਝੋਨੇ ਦੀ ਸਿੱਧੀ ਬਿਜਾਈ ਕੀਤੀ ਉਨ੍ਹਾਂ ਖੇਤਰਾਂ ਦਾ ਨਿਯਮਿਤ ਤੌਰ 'ਤੇ ਸਰਵੇਖਣ ਕਰਨ, ਤਾਂ ਜੋ ਬਿਮਾਰੀ ਸਮੇਂ ਸਿਰ ਰੋਕਥਾਮ ਕੀਤੀ ਜਾ ਸਕੇ।

**ਸਰਵਪੱਖੀ ਇਲਾਜ** : ਕਿਸਾਨ ਭਰਾਵੋ ਬੀਜ ਹਮੇਸ਼ਾਂ ਭਰੋਸੇਯੋਗ ਸੂਤਰਾਂ ਤੋਂ ਹੀ ਲਵੋ। ਰੋਗ ਰਹਿਤ ਬੀਜ ਤਿਆਰ ਕਰਨ ਲਈ ਬਿਜਾਈ ਤੋਂ ਪਹਿਲਾਂ ਬੀਜ ਦੀ ਸੋਧ ਜ਼ਰੂਰ ਕਰੋ। ਇਸ ਬਿਮਾਰੀ ਦੀ ਰੋਕਥਾਮ ਲਈ ਫਸਲ ਨੂੰ ਸੰਤੁਲਿਤ ਖਾਦਾਂ ਪਾਓ। ਆਪਣੇ ਖੇਤਾਂ ਵਿਚ 2-3 ਸਾਲਾਂ ਬਾਅਦ ਗੋਹੇ ਵਾਲੀ ਖਾਦ ਜਾਂ ਹਰੀ ਖਾਦ ਕਰੋ। ਹਲਕੀਆਂ ਜ਼ਮੀਨਾਂ ਵਾਲੇ ਖੇਤਾਂ ਵਿਚ ਖੇਤਾਂ ਫਸਲ ਨੂੰ ਔੜ ਲੱਗਣ ਤੋਂ ਬਚਾਓ। ਇਸ ਰੋਗ ਦੀ ਰੋਕਥਾਮ ਲਈ 80 ਗ੍ਰਾਮ ਨਟੀਵੋ 75 ਡਬਲਯੂ ਜੀ ਜਾਂ 500 ਗ੍ਰਾਮ ਇੰਡੋਫਿਲ ਜ਼ੈਡ-78 ਨੂੰ ਪ੍ਰਤੀ ਏਕੜ 200 ਲਿਟਰ ਪਾਣੀ ਵਿਚ ਘੋਲ ਕੇ ਦੋ ਵਾਰ ਛਿੜਕੋ। ਪਹਿਲਾਂ ਛਿੜਕਾਅ ਜਾੜ ਮਾਰਨ ਸਮੇਂ ਅਤੇ ਦੂਸਰਾ ਛਿੜਕਾਅ 15 ਦਿਨਾਂ ਪਿੱਛੋਂ ਕਰੋ।

## 3. ਝੂਠੀ ਕਾਂਗਿਆਰੀ

ਇਹ ਇੱਕ ਉੱਲੀ ਰੋਗ ਹੈ, ਜੋ ਕਿ ਪ੍ਰਮੁੱਖ ਤੌਰ ਤੇ ਝੋਨੇ ਦੇ ਸਿੱਟਿਆਂ ਤੇ ਹਮਲਾ ਕਰਦਾ ਹੈ। ਬਿਮਾਰੀ ਦੇ ਹਮਲੇ ਨਾਲ ਦਾਣਿਆਂ ਦੀ ਥਾਂ ਪੀਲੇ ਤੋਂ ਗੂੜ੍ਹੇ ਹਰੇ ਰੰਗ ਦੀ ਧੂੜੇਦਾਰ ਉੱਲੀ ਦੇ ਗੋਲੇ ਜਿਹੇ ਬਣ ਜਾਂਦੇ ਹਨ। ਜੇਕਰ ਫਸਲ ਨਿਸਰਣ ਸਮੇਂ ਮੀਂਹ, ਬੱਦਲਵਾਈ ਅਤੇ ਵਧੇਰੇ ਸਿੱਲ੍ਹ ਰਹੇ ਤਾਂ ਇਹ ਬਿਮਾਰੀ ਜ਼ਿਆਦਾ ਲਗਦੀ ਹੈ। ਜੇਕਰ ਮੌਸਮ ਖੁਸ਼ਕ ਰਹੇ ਤਾਂ ਇਸ ਬਿਮਾਰੀ ਦਾ ਹਮਲਾ ਘੱਟ ਦਿਖਾਈ ਦਿੰਦਾ ਹੈ। ਜਿਨ੍ਹਾਂ ਖੇਤਾਂ ਵਿਚ ਰੂੜੀ ਅਤੇ ਜ਼ਿਆਦਾ ਦਿਖਾਈ ਦਿੰਦਾ ਹੈ।

**ਸਰਵਪੱਖੀ ਇਲਾਜ** : ਬਿਮਾਰੀ ਤੇ ਕਾਬੂ ਪਾਉਣ ਲਈ ਪਹਿਲਾਂ ਛਿੜਕਾਅ ਕੋਸਾਈਡ 46 ਡੀ ਐਫ 500 ਗ੍ਰਾਮ ਜਾਂ ਗਲੀਲਿਓ ਵੇ 18.76 ਐਸ. ਸੀ. 400 ਮਿ.ਲਿ. ਨੂੰ 200 ਲਿਟਰ ਪਾਣੀ



ਵਿਚ ਘੋਲ ਕੇ ਪ੍ਰਤੀ ਏਕੜ ਜਦੋਂ ਫਸਲ ਗੋਭ ਵਿਚ ਹੋਵੇ ਕਰੋ। ਦੂਸਰਾ ਛਿੜਕਾਅ 10 ਦਿਨਾਂ ਬਾਅਦ ਕਰੋ। ਧਿਆਨਯੋਗ ਰਹੇ ਕਿ ਉੱਲੀ ਦੇ ਗੋਲੇ ਜਿਹੇ ਬਣ ਜਾਣ ਤੋਂ ਬਾਅਦ ਛਿੜਕਾਅ ਬਿਲਕੁਲ ਬੇਅਸਰ ਹੁੰਦਾ ਹੈ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

KHETI DUNIYAN

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 33
ਮਿਤੀ 17-08-2024

ਐਡੀਟਰ
ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



ਸੰਪਾਦਕੀ ਬੋਰਡ
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



ਕੰਪੋਜ਼ਿੰਗ
ਏਕਤਾ ਕੰਪਿਊਟਰਜ਼, ਪਟਿਆਲਾ



ਨੋਟ
★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ । ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਚੌਲਾਂ ਦੀ ਬਰਾਮਦ ਤੋਂ ਪਾਬੰਦੀ ਹਟਾ ਸਕਦੀ ਹੈ ਸਰਕਾਰ, ਕਿਸਾਨਾਂ ਨੂੰ ਮਿਲੇਗਾ ਵਧੀਆ ਭਾਅ

ਦੇਸ਼ 'ਚ ਝੋਨੇ ਦੀ ਘੱਟ ਪੈਦਾਵਾਰ ਅਤੇ ਅਨਾਜ ਦੀਆਂ ਕੀਮਤਾਂ ਨੂੰ ਕਾਬੂ 'ਚ ਰੱਖਣ ਲਈ ਭਾਰਤ ਸਰਕਾਰ ਨੇ ਪਿਛਲੇ ਸਾਲ ਗੈਰ-ਬਾਸਮਤੀ ਚੌਲਾਂ ਦੀ ਬਰਾਮਦ 'ਤੇ ਪਾਬੰਦੀ ਲਗਾ ਦਿੱਤੀ ਸੀ । ਇਸ ਪਾਬੰਦੀ ਦਾ ਅਸਰ ਦੁਬਈ, ਕੁਵੈਤ ਅਤੇ ਹੋਰ ਖਾੜੀ ਦੇਸ਼ਾਂ ਤੋਂ ਲੈ ਕੇ ਅਮਰੀਕਾ ਤੱਕ 'ਚ ਦੇਖਣ ਨੂੰ ਮਿਲਿਆ ਸੀ ਪਰ ਹੁਣ ਸਰਕਾਰ ਛੇਤੀ ਹੀ ਇਸ ਹੀ ਹਟਾ ਸਕਦੀ ਹੈ, ਜੋ ਆਉਣ ਵਾਲੇ ਦਿਨਾਂ 'ਚ ਝੋਨਾ ਬੀਜਣ ਵਾਲੇ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦਾ ਚੰਗਾ ਭਾਅ ਦਿਵਾ ਸਕਦਾ ਹੈ ।

ਅਸਲ 'ਚ ਇਸ ਸਾਲ ਭਾਰਤ 'ਚ ਲੋੜੀਂਦੀ ਮਾਤਰਾ 'ਚ ਮੀਂਹ ਪਿਆ ਹੈ । ਇਸ ਨਾਲ ਝੋਨੇ ਦੀ ਚੰਗੀ ਪੈਦਾਵਾਰ ਹੋਣ ਦੀ ਉਮੀਦ ਹੈ । ਉੱਧਰ ਦੂਜੇ ਪਾਸੇ ਸਰਕਾਰ ਕੋਲ ਚੌਲਾਂ ਦਾ ਬਫਰ ਸਟਾਕ ਦੀ ਲੋੜੀਂਦੀ ਮਾਤਰਾ 'ਚ ਹੈ ।

ਇਸ ਨਾਲ ਦੇਸ਼ 'ਚ ਚੌਲਾਂ ਦੀ ਕਮੀ ਨਾਲ ਜੁੜੀਆਂ ਚਿੰਤਾਵਾਂ ਦੂਰ ਹੋਈਆਂ ਹਨ । ਅਜਿਹੇ 'ਚ ਸਰਕਾਰ ਦਾ ਪਾਬੰਦੀ ਹਟਾਉਣਾ ਲਾਜ਼ਮੀ ਹੈ ।



### ਨੀਤੀ ਆਯੋਗ ਤੋਂ ਮਿਲੇ ਸੰਕੇਤ

ਨੀਤੀ ਆਯੋਗ ਦੇ ਮੈਂਬਰ ਰਮੇਸ਼ ਚੰਦ ਦਾ ਕਹਿਣਾ ਹੈ ਕਿ ਬਫਰ ਸਟਾਕ ਦੀ ਹਾਲਤ ਚੰਗੀ ਹੈ । ਉੱਧਰ ਲੋੜੀਂਦਾ ਮੀਂਹ ਪੈਣ ਨਾਲ ਝੋਨੇ ਦੀ ਫਸਲ ਵੀ ਬਿਹਤਰ ਹੋਣ ਦੀ ਉਮੀਦ ਹੈ । ਅਜਿਹੇ 'ਚ ਸਰਕਾਰ ਇਸ ਸਾਲ ਗੈਰ-ਬਾਸਮਤੀ ਚੌਲਾਂ ਦੀ ਬਰਾਮਦ 'ਤੇ ਲੱਗੇ ਬੈਨ ਨੂੰ ਹਟਾ ਸਕਦੀ ਹੈ । ਉਨ੍ਹਾਂ ਕਿਹਾ, 'ਮੇਰਾ ਮੰਨਣਾ ਹੈ ਕਿ ਚੌਲਾਂ ਦੀ ਸਪਲਾਈ ਨੂੰ ਲੈ ਕੇ ਚਿੰਤਾ ਕਰਨ ਦੀ ਲੋੜ ਨਹੀਂ ਹੈ ।

ਇਹ ਕਾਫੀ ਸਹਿਜ ਸਥਿਤੀ 'ਚ ਹੈ । ਜੇ ਇਸ ਸਮੇਂ ਸਰਕਾਰ ਚੌਲਾਂ ਦੀ ਬਰਾਮਦ 'ਤੇ ਬੈਨ ਨੂੰ ਹਟਾ ਵੀ ਲੈਂਦੀ ਹੈ ਤਾਂ ਵੀ ਵੱਡੀ ਮਾਤਰਾ 'ਚ ਚੌਲ ਦੇਸ਼ ਤੋਂ ਬਾਹਰ ਨਹੀਂ ਜਾਣਗੇ । ਇਸ ਨਾਲ ਨਾ ਸਿਰਫ ਘਰੇਲੂ ਸਗੋਂ ਵਿਦੇਸ਼ਾਂ 'ਚ ਵੀ ਚੌਲਾਂ ਦੀਆਂ ਕੀਮਤਾਂ ਨੂੰ ਨਰਮ ਬਣਾਏ ਰੱਖਣ 'ਚ ਮਦਦ ਮਿਲੇਗੀ ।'

### ਬੈਨ ਨਾਲ ਲੱਗਦਾ ਹੈ ਵਾਧੂ ਟੈਕਸ

ਮੌਜੂਦਾ ਸਮੇਂ 'ਚ ਦੇਸ਼ ਦੇ ਅੰਦਰ ਜਿੱਥੇ ਗੈਰ-ਬਾਸਮਤੀ ਚੌਲਾਂ ਦਾ ਐਕਸਪੋਰਟ 'ਤੇ ਬੈਨ ਲੱਗਾ ਹੋਇਆ ਹੈ । ਉੱਥੇ ਹੀ ਉਸਨਾ (ਪਾਰਬਾਇਲਡ ਰਾਈਸ) ਦੀ ਬਰਾਮਦ 'ਤੇ ਸਰਕਾਰ ਨੇ 20 ਫੀਸਦੀ ਦੀ ਕਸਟਮ ਫੀਸ ਲਗਾਈ ਹੋਈ ਹੈ । ਇਸ ਸਾਲ ਖਰੀਫ ਦੀ ਬਿਜਾਈ 14 ਫੀਸਦੀ ਵਧੀ ਹੈ । ਇਸ ਸਾਲ ਪੂਰੇ ਦੇਸ਼ 'ਚ 27.7 ਲੱਖ ਹੈਕਟੇਅਰ ਖੇਤਰ 'ਚ ਝੋਨੇ ਦੀ ਬਿਜਾਈ ਹੋਈ ਹੈ ।

ਇਸ ਨਾਲ ਫਸਲ ਦੀ ਪੈਦਾਵਾਰ ਵਧੀਆ ਰਹਿਣ ਦੀ ਉਮੀਦ ਹੈ । ਜੇ ਸਰਕਾਰ ਚੌਲਾਂ ਦੀ ਬਰਾਮਦ ਤੋਂ ਬੈਨ ਹਟਾਉਂਦੀ ਹੈ ਤਾਂ ਐਕਸਪੋਰਟਰਜ਼ ਦੀ ਡਿਮਾਂਡ ਵਧਣ ਨਾਲ ਕਿਸਾਨਾਂ ਨੂੰ ਫਸਲ ਦਾ ਬਿਹਤਰ ਭਾਅ ਮਿਲਣ ਦੀ ਉਮੀਦ ਹੈ ।

# ਪੀ.ਏ.ਯੂ. ਪ੍ਰੋਟੈਕਸ਼ਨ ਕਿੱਟ ਨਾਲ ਸਟੋਰ ਕੀਤੀਆਂ ਦਾਲਾਂ ਨੂੰ ਕੀੜਿਆਂ ਤੋਂ ਬਚਾਓ

ਮਨਪ੍ਰੀਤ ਕੌਰ ਸੈਣੀ, ਐਮ ਐਸ ਆਲਮ ਅਤੇ ਅੰਜਲੀ ਸਿੱਧੂ, ਪ੍ਰੋਸੈਸਿੰਗ ਅਤੇ ਫੂਡ ਇੰਜੀਨਿਅਰਿੰਗ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋਬਾਇਲ : 94631-50838)

**ਦਾਲਾਂ ਨੂੰ ਕੀੜਿਆਂ ਵੱਲੋਂ ਜ਼ਿਆਦਾ ਨੁਕਸਾਨ ਮਈ-ਅਕਤੂਬਰ ਮਹੀਨੇ ਵਿਚ ਹੁੰਦਾ ਹੈ, ਕਿਉਂਕਿ ਇਹਨਾਂ ਮਹੀਨਿਆਂ ਦਾ ਤਾਪਮਾਨ ਕੀੜਿਆਂ ਦੇ ਵਧਣ ਫੁੱਲਣ ਲਈ ਢੁੱਕਵਾਂ ਹੁੰਦਾ ਹੈ ।**

★ ਪੈਕਟਾਂ ਵਿਚ ਜਾਂ ਘਰੇਲੂ ਪੱਧਰ ਤੇ ਸਟੋਰ ਕੀਤੀਆਂ ਦਾਲਾਂ ਨੂੰ ਕੀੜਿਆਂ ਤੋਂ ਬਚਾਉਣਾ ਬਹੁਤ ਹੀ ਮੁਸ਼ਕਿਲ ਕੰਮ ਹੈ ।

★ ਇਹਨਾਂ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਵਿਗਿਆਨੀਆਂ ਵੱਲੋਂ ਪੈਕਟਾਂ ਵਿੱਚ, ਘਰੇਲੂ ਡੱਬਿਆਂ ਵਿਚ ਜਾਂ 30 ਕਿਲੋ ਤੱਕ ਵਰਤੇ ਜਾਣ ਵਾਲੇ ਡਰੰਮਾਂ ਵਿਚ ਪਈਆਂ ਦਾਲਾਂ ਨੂੰ ਕੀੜਿਆਂ ਤੋਂ ਬਚਾਉਣ ਲਈ ਇੱਕ ਨਵੀਂ ਵਾਤਾਵਰਣ ਸਹਾਇਕ ਤਕਨੀਕ ਇਜ਼ਾਦ ਕੀਤੀ ਗਈ ਹੈ, ਜਿਸ ਨੂੰ ''ਪੀ.ਏ.ਯੂ. ਪ੍ਰੋਟੈਕਸ਼ਨ ਕਿੱਟ ਫਾਰ ਸਟੋਰਡ ਪਲਸਿਸ'' ਦਾ ਨਾਮ ਦਿੱਤਾ ਗਿਆ ਹੈ ।

★ ਇਸ ਕਿੱਟ ਵਿਚ ਦਿੱਤਾ ਗਿਆ ਆਰਗੈਨਿਕ ਸਲੂਸ਼ਨ, ਬਹੁਤ ਹੀ ਆਸਾਨੀ ਨਾਲ ਕੀੜਿਆਂ ਨੂੰ ਮਾਰਨ ਦੀ ਸਮਰੱਥਾ ਰੱਖਦਾ ਹੈ ।

**ਕਿੱਟ ਵਿਚ ਦਿੱਤੇ ਆਰਗੈਨਿਕ ਸਲੂਸ਼ਨ ਦੀ ਸਿਫਾਰਸ਼ ਸ਼ੁਦਾ ਮਾਤਰਾ**

| ਸਟੋਰੇਜ ਯੂਨਿਟ ਦੀ ਸਮਰੱਥਾ | ਆਰਗੈਨਿਕ ਸਲੂਸ਼ਨ ਦੀ ਮਾਤਰਾ |
|---|---|
| ਅੱਧਾ ਕਿੱਲੋ | 3 ਤੁਪਕੇ |
| ਇੱਕ ਕਿੱਲੋ | 6 ਤੁਪਕੇ |

★ ਜੇਕਰ ਇਸ ਕਿੱਟ ਨੂੰ 30 ਕਿਲੋ ਤੱਕ ਦੇ ਡਰੰਮਾਂ ਵਿਚ ਸਟੋਰ ਕੀਤੀਆਂ ਦਾਲਾਂ ਵਿਚ ਸਿੱਧਾ ਵਰਤਣਾ ਹੋਵੇ ਤਾਂ ਉਸ ਵਾਸਤੇ ਵੀ ਯੂਨੀਵਰਸਿਟੀ ਵੱਲੋਂ ਪਰਫੋਰੇਟਿੱਡ ਫੋਮ ਡਿਸਪੈਂਸਰ ਤਿਆਰ ਕੀਤਾ ਗਿਆ ਹੈ ।

**ਪੀ.ਏ.ਯੂ. ਪ੍ਰੋਟੈਕਸ਼ਨ ਕਿੱਟ ਫਾਰ ਸਟੋਰਡ ਪਲਸਿਸ ਦੇ ਸੰਭਾਵਿਤ ਫਾਇਦੇ**

★ ਵਰਤੋਂ ਵਿੱਚ ਬਹੁਤ ਹੀ ਆਸਾਨ

★ ਘੱਟ ਲਾਗਤ ਵਾਲੀ

★ ਵਾਤਾਵਰਣ ਅਤੇ ਮਨੁੱਖ ਲਈ ਸੁਰੱਖਿਅਤ

★ ਰਸਾਇਣ ਮੁਕਤ

★ ਦਾਲਾਂ ਦੀ ਗੁਣਵੱਤਾ ਨੂੰ ਬਰਕਰਾਰ ਰੱਖਦੇ ਹੋਏ ।

**ਪੀ.ਏ.ਯੂ. ਪ੍ਰੋਟੈਕਸ਼ਨ ਕਿੱਟ ਫਾਰ ਸਟੋਰਡ ਪਲਸਿਸ ਦੀ ਵਰਤੋਂ ਲਈ ਸਾਵਧਾਨੀਆਂ**

★ 6-12 ਮਹੀਨੇ ਦੀ ਸਟੋਰੇਜ ਵੇਲੇ ਦਾਲਾਂ ਵਿਚ ਨਮੀਂ ਦੀ ਮਾਤਰਾ 10% ਹੋਣੀ ਚਾਹੀਦੀ ਹੈ ।

★ ਪੈਕਟਾਂ ਵਿਚ ਕਿਸੇ ਦੀ ਤਰੀਕੇ ਮੋਰੀ ਨਹੀਂ ਕਰਨੀ ਤਾਂ ਕਿ ਉਹਨਾਂ ਨੂੰ ਹਵਾ ਬੰਦ ਰੱਖਿਆ ਜਾ ਸਕੇ ।

★ ਸਟੋਰੇਜ ਯੂਨਿਟ ਦੀ ਸਮਰੱਥਾ ਦੇ ਹਿਸਾਬ ਨਾਲ, ਸਲੂਸ਼ਨ ਦੀ ਮਾਤਰਾ ਵਧਾਈ ਘਟਾਈ ਜਾ ਸਕਦੀ ਹੈ ।

★ ਸਲੂਸ਼ਨ ਨੂੰ ਇਕ ਸਾਲ ਤੱਕ ਵਰਤਿਆ ਜਾ ਸਕਦਾ ਹੈ ।

**ਪੀ.ਏ.ਯੂ. ਪ੍ਰੋਟੈਕਸ਼ਨ ਕਿੱਟ ਫਾਰ ਸਟੋਰਡ ਪਲਸਿਸ ਕਿੱਥੋਂ ਮਿਲਦੀ ਹੈ ?**

★ ਇਹ ਕਿੱਟ ਕਮਰਾ ਨੰ. 11 ਪ੍ਰੋਸੈਸਿੰਗ ਅਤੇ ਫੂਡ ਇੰਜਨੀਅਰਿੰਗ ਵਿਭਾਗ, ਪੀ.ਏ.ਯੂ., ਲੁਧਿਆਣਾ ਵਿਚ ਉਪਲਬਦ ਹੈ । ਇਕ ਕਿੱਟ ਦਾ ਮੁੱਲ 100/200 ਰੁਪਏ ਹੈ, ਜਿਸ ਨਾਲ ਅੱਧਾ ਕਿਲੋ ਦਾਲ ਦੇ 20/40 ਪੈਕਟ ਨੂੰ ਕੀੜਿਆਂ ਤੋਂ ਬਚਾਇਆ ਜਾ ਸਕਦਾ ਹੈ । ਡਰੰਮਾਂ ਵਿਚ ਵਰਤੀ ਜਾਣ ਵਾਲੀ ਕਿੱਟ ਦੀ ਕੀਮਤ 380 ਰੁਪਏ ਹੈ ।

## ਜੰਗਲ ਉਦਾਸ ਕਿਉਂ ਹੈ?

ਸਾਡੇ ਦੇਸ਼ 'ਚ ਬਹੁਤ ਸਾਰੇ ਜੰਗਲ ਹਨ । ਇਹ ਜੰਗਲ ਅੱਜਕੱਲ ਬਹੁਤ ਉਦਾਸ ਹਨ, ਕਿਉਂਕਿ ਦੀ ਸਾਂਭ ਸੰਭਾਲ ਲਈ ਕਾਨੂੰਨ ਤਾਂ ਬਹੁਤ ਹਨ ਪਰ ਉਹ ਕਾਨੂੰਨ ਲਾਗੂ ਨਹੀਂ ਹੋ ਰਹੇ ਜਾਂ ਉਨ੍ਹਾਂ ਕਾਨੂੰਨਾਂ ਦੀ ਪੂਰੀ ਵਰਤੋਂ ਨਹੀਂ ਹੋ ਰਹੀ । ਹਰ ਕੋਈ ਚਾਹੁੰਦਾ ਹੈ ਕਿ ਅਸੀਂ ਆਪਣੇ ਵਾਤਾਵਰਨ ਨੂੰ ਸ਼ੁੱਧ ਰਖੀਏ, ਪਰ ਕਿਵੇਂ ? ਇਹ ਮੁਮਕਿਨ ਨਹੀਂ ਹੈ, ਜੇਕਰ ਅਸੀਂ ਇਸ ਦੇ ਲਈ ਪੂਰੀ ਪ੍ਰਕਿਰਿਆ ਨੂੰ ਜਾ ਪੂਰੇ ਵਰਤਾਰੇ ਨੂੰ ਨਹੀਂ ਵਰਤਦੇ । ਜੰਗਲ ਨੂੰ ਜਿੰਦਾ ਰੱਖਣ ਲਈ ਜੰਗਲ ਦੇ ਨਾਲ ਜਿਊਣਾ ਪੈਂਦਾ ਹੈ । ਲੋੜ ਹੈ ਜੰਗਲ ਦੇ ਨਾਲ ਜਿਊਣਾ ਪੈਂਦਾ ਹੈ । ਲੋੜ ਹੈ ਜੰਗਲਾਂ ਦੇ ਵਿਚੋਂ ਸਫੈਦੇ ਨੂੰ ਖਤਮ ਕਰਕੇ ਇੱਥੇ ਵਿਲੱਖਣ ਕਿਸਮ ਦੇ ਉਹ ਰੁੱਖ ਲਾਏ ਜਾਣ, ਜਿਨ੍ਹਾਂ ਨਾਲ ਕੋਈ ਨਾ ਕੋਈ ਫਲ ਲਗਦਾ ਹੈ ਤਾਂ ਕਿ ਇੱਥੇ ਪੰਛੀ ਪਲ ਸਕਣ, ਕੀੜੇ ਮਕੌੜੇ ਪਲ ਸਕਣ, ਹੋਰ ਜਾਨਵਰ ਜਿਹੜੇ ਹਨ, ਉਹ ਆਪਣਾ ਗੁਜ਼ਾਰਾ ਕਰ ਸਕਣ ਪਰ ਅਸੀਂ ਇਸ ਨਹੀਂ ਕਰ ਰਹੇ ਹਨ, ਇਸੇ ਲਈ ਅੱਜ ਸਾਡੇ ਜੰਗਲ ਉਦਾਸ ਹਨ । ਉਨ੍ਹਾਂ ਦੇ ਉੱਤੇ ਉਦਾਸੀ ਛਾਈ ਪਈ ਹੈ । ਆਓ ਜੰਗਲਾਂ ਦੇ ਵਿਚ ਵੀ ਬੂਟੇ ਲਈਏ ਤੇ ਉਹ ਬੂਟੇ ਲਾਈਏ ਜਿਹੜੇ ਫਲਦਾਰ ਹੋਣ ।

ਜਨਮੇਜਾ ਸਿੰਘ ਜੌਹਲ,
ਮੋ. 98159-45018

# ਝੋਨੇ 'ਚ ਸੁਕਾ-ਸੁਕਾ ਕੇ ਪਾਣੀ ਲਾਉਣ ਦਾ ਤਰੀਕਾ



**ਸੁਖਪ੍ਰੀਤ ਸਿੰਘ, ਵਿਨੈ ਕੁਮਾਰ ਸਿੰਧੂ ਅਤੇ ਅਜਮੇਰ ਸਿੰਘ ਬਰਾੜ,**
ਜਲ ਪ੍ਰਬੰਧਨ ਅਤੇ ਤਕਨਾਲੋਜੀ ਕੇਂਦਰ, ਫਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ


ਪੰਜਾਬ 'ਚ ਝੋਨੇ ਦੀ ਕਾਸ਼ਤ ਨੂੰ ਹੀ ਧਰਤੀ ਹੇਠਲੇ ਪਾਣੀ ਦੇ ਪੱਧਰ ਦੀ ਗਿਰਾਵਟ ਦਾ ਮੁੱਖ ਕਾਰਨ ਮੰਨਿਆ ਜਾਂਦਾ ਹੈ। ਝੋਨੇ ਦੀ ਪਨੀਰੀ ਦੀ ਲੁਆਈ ਤੋਂ ਲੈ ਕੇ ਵਾਢੀ ਤੱਕ ਸਿੰਚਾਈ ਵਾਲੇ ਪਾਣੀ ਦੀ ਲੋੜ 120-160 ਸੈਂਟੀਮੀਟਰ ਹੈ। ਆਜ਼ਾਦੀ ਤੋਂ ਬਾਅਦ, ਜਦੋਂ ਦੇਸ਼ ਦੀ ਆਬਾਦੀ ਲਗਾਤਾਰ ਵਧ ਰਹੀ ਸੀ ਤਾਂ ਅਨਾਜ ਦੀ ਲੋੜ ਨੂੰ ਪੂਰਾ ਕਰਨ ਲਈ ਹਰੀ ਕ੍ਰਾਂਤੀ ਦੀ ਸ਼ੁਰੂਆਤ ਹੋਈ ਅਤੇ ਪੰਜਾਬੀ 'ਚ ਝੋਨੇ ਹੇਠ ਰਕਬੇ 'ਚ ਕਾਫੀ ਵਾਧਾ ਹੋਇਆ। ਜਿੱਥੇ ਝੋਨੇ ਹੇਠ ਰਕਬਾ 1960-61 'ਚ 2.27 ਲੱਖ ਹੈਕਟੇਅਰ ਸੀ, ਸਾਲ 2022-23 'ਚ ਵਧ ਕੇ 39.68 ਲੱਖ ਹੈਕਟੇਅਰ ਹੋ ਗਿਆ ਅਤੇ ਨਾਲ ਹੀ ਇਸੇ ਸਮੇਂ ਦੌਰਾਨ ਟਿਊਬਵੈੱਲਾਂ ਦੀ ਗਿਣਤੀ 70,000 ਤੋਂ ਵੱਧ ਕੇ 15.29 ਲੱਖ ਹੋ ਗਈ। ਸਿੱਟੇ ਵਜੋਂ, ਧਰਤੀ ਹੇਠਲੇ ਪਾਣੀ ਦਾ ਪੱਧਰ ਹਰ ਸਾਲ ਔਸਤਨ 65-70 ਸੈਂਟੀਮੀਟਰ ਦੀ ਦਰ ਨਾਲ ਡਿਗ ਰਿਹਾ ਹੈ। ਨਾਲ ਹੀ ਖੇਤੀ ਸੈਕਟਰ 'ਚ ਬਿਜਲੀ ਦੀ ਖਪਤ ਵੀ ਵਧ ਗਈ ਹੈ, ਜੋ 2000-01 'ਚ 5534 ਕਿਲੋ ਵਾਟ ਆਵਰ ਤੋਂ ਵਧ ਕੇ 2019-20 'ਚ 11468 ਹੋ ਗਈ ਹੈ। ਇਸੇ ਸਮੇਂ ਦੌਰਾਨ ਬਿਜਲੀ ਸਬਸਿਡੀ 'ਚ ਵੀ ਵਾਧਾ ਹੋਇਆ ਹੈ, ਜੋ 1659 ਕਰੋੜ ਰੁਪਏ ਤੋਂ ਵੱਧ ਕੇ 6061 ਕਰੋੜ ਰੁਪਏ ਹੋ ਗਈ ਹੈ ਅਤੇ 2020-23 'ਚ 7722 ਕਰੋੜ ਰੁਪਏ ਤੱਕ ਪਹੁੰਚ ਗਈ ਹੈ। ਇਸ ਤੋਂ ਇਲਾਵਾ, ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗਣ ਕਾਰਨ ਖੇਤੀ ਖੇਤਰ ਵੀ ਵਧ ਗਏ ਹਨ, ਕਿਉਂਕਿ ਕਿਸਾਨਾਂ ਨੂੰ ਟਿਊਬਵੈੱਲਾਂ ਦੇ ਬੋਰ ਡੂੰਘੇ ਕਰਨੇ ਪੈਂਦੇ ਹਨ ਅਤੇ ਨਵੀਆਂ ਪਾਈਪਾਂ ਲਈ ਖਰਚਾ ਕਰਨਾ ਪੈਂਦਾ ਹੈ। ਇਸ ਲਈ ਪਾਣੀ ਦੀ ਯੋਗ ਵਰਤੋਂ ਨਾਲ ਨਾ ਸਿਰਫ ਫਸਲਾਂ ਦੀ ਪੈਦਾਵਾਰ ਅਤੇ ਮੁਨਾਫੇ 'ਚ ਵਾਧਾ ਕੀਤਾ ਜਾ ਸਕਦਾ ਹੈ, ਬਲਕਿ ਜ਼ਮੀਨੀ ਪਾਣੀ ਦੇ ਡਿਗਦੇ ਪੱਧਰ ਨੂੰ ਅਤੇ ਵਧ ਰਹੀਆਂ ਬਿਜਲੀ ਸਬਸਿਡੀਆਂ ਨੂੰ ਵੀ ਰੋਕਿਆ ਜਾ ਸਕਦਾ ਹੈ।

ਝੋਨੇ ਦੀ ਪਾਣੀ ਦੀ ਲੋੜ ਲੁਆਈ ਦੇ ਸਮੇਂ ਅਤੇ ਕਿਸਮਾਂ ਦੀ ਚੋਣ ਦੇ ਨਾਲ-ਨਾਲ ਸਿੰਚਾਈ ਦੇ ਤਰੀਕੇ 'ਤੇ ਵੀ ਨਿਰਭਰ ਕਰਦੀ ਹੈ। ਸਾਲ 2009 'ਚ 'ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ-ਸੋਇਲ ਵਾਟਰ ਐਕਟ' ਰਾਹੀਂ ਝੋਨੇ ਦੀ ਅਗੇਤੀ ਲੁਆਈ 'ਤੇ ਰੋਕ ਲਾਉਣ ਨਾਲ ਅਤੇ ਨਾਲ ਹੀ ਪਾਣੀ ਦੀ ਬੱਚਤ ਕਰਨ ਵਾਲੀਆਂ ਹੋਰ ਤਕਨੀਕਾਂ ਦੀ ਵਰਤੋਂ ਨਾਲ ਧਰਤੀ ਹੇਠਲੇ ਪਾਣੀ ਦੇ ਪੱਧਰ ਦੀ ਹੇਠਾਂ ਡਿਗਣ ਦੀ ਦਰ 'ਚ ਕਮੀ ਆਈ ਹੈ, ਜਦੋਂ ਕਿ ਇਸੇ ਸਮੇਂ ਦੌਰਾਨ ਰਾਜ 'ਚ ਝੋਨੇ ਹੇਠ ਰਕਬੇ 'ਚ ਅਤੇ ਟਿਊਬਵੈੱਲਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋਇਆ ਸੀ। ਇਸ ਸਭ ਨੂੰ ਧਿਆਨ 'ਚ ਰੱਖਦੇ ਹੋਏ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਐਕਟ ਨਾਲ ਮੇਲ ਖਾਂਦੀ ਝੋਨੇ ਦੀਆਂ ਥੋੜ੍ਹੇ ਅਤੇ ਦਰਮਿਆਨੇ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਵਿਕਸਿਤ ਕੀਤੀਆਂ ਗਈਆਂ। ਰਾਜ 'ਚ ਇਨ੍ਹਾਂ ਕਿਸਮਾਂ ਹੇਠ ਰਕਬਾ ਵਧ ਕੇ 57 ਪ੍ਰਤੀਸ਼ਤ ਪਹੁੰਚ ਗਿਆ। ਮੁੱਖ ਤੌਰ 'ਤੇ ਅਗਾਂਹਵਧੂ ਮਿਹਨਤੀ ਕਿਸਾਨ ਭਾਈਚਾਰਾ ਇਨ੍ਹਾਂ ਪਾਣੀ ਬਚਾਉਣ ਦੀਆਂ ਤਕਨੀਕਾਂ ਨੂੰ ਦਿਲੋਂ ਅਪਣਾਉਣ ਲਈ ਵਧਾਈ ਦਾ ਹੱਕਦਾਰ ਹੈ। ਇਕ ਹੋਰ ਜ਼ਰੂਰੀ ਤਕਨੀਕ, ਜੋ ਕਿਸਾਨ ਵੀਰਾਂ ਨੂੰ ਹੁਣ ਅਪਣਾਉਣੀ ਚਾਹੀਦੀ ਹੈ, ਉਹ ਹੈ ਝੋਨੇ ਨੂੰ ਪਾਣੀ ਲਾਉਣ ਦਾ ਸਹੀ ਤਰੀਕਾ ਤਾਂ ਜੋ ਧਰਤੀ ਹੇਠਲੇ ਅਤੇ ਮੀਂਹ ਦੇ ਪਾਣੀ ਦੀ ਸੁਚੱਜੀ ਵਰਤੋਂ ਕੀਤੀ ਜਾ ਸਕੇ। ਝੋਨੇ ਦੀ ਫਸਲ ਦੀ ਉਤਪਾਦਕਤਾ ਅਤੇ ਗੁਣਵੱਤਾ ਨੂੰ ਵਧਾਉਣ ਲਈ ਪਾਣੀ ਦਾ ਸਹੀ ਪ੍ਰਬੰਧ ਬਹੁਤ ਜ਼ਰੂਰੀ ਹੈ। ਝੋਨੇ ਦੀ ਫਸਲ ਦੀ ਅਸਲ ਪਾਣੀ ਦੀ ਲੋੜ 65-70 ਸੈਂਟੀਮੀਟਰ ਹੈ (ਇਵੈ ਪੋਟ੍ਰਾਂਸਪੀਰੇਸ਼ਨ) ਅਤੇ ਇਸ ਨੂੰ ਪੂਰਾ ਕਰਨ ਲਈ ਮੀਂਹ ਦੇ ਪਾਣੀ ਤੋਂ ਇਲਾਵਾ ਲਗਭਗ 120-160 ਸੈਂਟੀਮੀਟਰ ਪਾਣੀ ਲਗਦਾ ਹੈ। ਪਾਣੀ ਦੀ ਇਸ ਅਕੁਸ਼ਲਤਾ ਨੂੰ ਸਹੀ ਪ੍ਰਬੰਧ ਨਾਲ ਘੱਟ ਕੀਤਾ ਜਾ ਸਕਦਾ ਹੈ। ਝੋਨੇ ਦੀ ਫਸਲ 'ਚ ਲਗਾਤਾਰ ਪਾਣੀ ਖੜ੍ਹਾ ਰੱਖਣ ਦੇ ਉਲਟ, ਖੇਤ ਨੂੰ ਸੁਕਾ-ਸੁਕਾ ਕੇ ਪਾਣੀ ਲਾਉਣ ਕਰਨ ਦੀ ਤਕਨੀਕ ਨੂੰ 'ਅਲਵਰਨੇਟ ਵੈਟਿੰਗ ਅਤੇ ਡ੍ਰਾਇੰਗ' (ਅੰਧ) ਵਿਧੀ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਕੱਦੂ ਕੀਤੇ ਖੇਤ 'ਚ ਪਨੀਰੀ ਲਾਉਣ ਪਿੱਛੋਂ ਦੋ ਹਫਤੇ ਤੱਕ ਪਾਣੀ ਖੇਤ 'ਚ ਖੜ੍ਹਾ ਰੱਖਣਾ ਜ਼ਰੂਰੀ ਹੈ। ਇਸ ਨਾਲ ਪਨੀਰੀ ਦੇ ਬੂਟੇ ਖੇਤ 'ਚ ਚੰਗੀ ਤਰ੍ਹਾਂ ਜੰਮ ਜਾਂਦੇ ਹਨ, ਨਦੀਨ ਘੱਟ ਉੱਗਦੇ ਹਨ ਅਤੇ ਲੁਆਈ ਸਮੇਂ ਵਰਤੇ ਗਏ ਨਦੀਨਨਾਸ਼ਕ ਚੰਗੀ ਤਰ੍ਹਾਂ ਅਸਰ ਕਰਦੇ ਹਨ। ਲੁਆਈ ਦੇ ਦੋ ਹਫਤਿਆਂ ਤੋਂ ਬਾਅਦ ਖੇਤ 'ਚ ਲਗਾਤਾਰ ਪਾਣੀ ਖੜ੍ਹਾ ਰੱਖਣਾ ਜ਼ਰੂਰੀ ਹੈ। ਲੁਆਈ ਦੇ ਦੋ ਹਫਤਿਆਂ ਪਿੱਛੋਂ ਖੇਤ ਨੂੰ ਪਾਣੀ ਪਿਛਲੀ ਸਿੰਚਾਈ ਵਾਲੇ ਪਾਣੀ ਜਾਂ ਮੀਂਹ ਦੇ ਪਾਣੀ ਦੇ ਜ਼ਮੀਨ 'ਚ ਜੀਰਨ ਤੋਂ ਦੋ ਦਿਨ ਬਾਅਦ ਹੀ ਦੇਣਾ ਚਾਹੀਦਾ ਹੈ। ਕਿਸਾਨ ਵੀਰਾਂ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਜ਼ਮੀਨ 'ਚ ਤ੍ਰੇੜਾਂ ਨਾ ਪੈਣ। ਇਸ ਤਰ੍ਹਾਂ ਸਿੰਚਾਈ ਵਾਲੇ ਪਾਣੀ ਦੀ ਲਗਭਗ 20 ਪ੍ਰਤੀਸ਼ਤ ਬੱਚਤ ਹੋ ਜਾਂਦੀ ਹੈ ਅਤੇ ਫਸਲ ਦੇ ਝਾੜ 'ਤੇ ਵੀ ਕੋਈ ਮਾੜਾ ਅਸਰ ਨਹੀਂ ਪੈਂਦਾ। ਝੋਨੇ ਨੂੰ ਸੁਕਾ-ਸੁਕਾ ਕੇ ਪਾਣੀ ਲਾਉਣ ਦੀ ਤਕਨੀਕ ਅਪਣਾਉਣ ਨਾਲ ਧਰਤੀ ਹੇਠਲੇ ਪਾਣੀ ਦੀ ਬੱਚਤ ਕਰਨ ਦੇ ਨਾਲ ਹੀ ਮੀਂਹ ਦੇ ਪਾਣੀ ਦੀ ਸੁਚੱਜੀ ਵਰਤੋਂ ਕੀਤੀ ਜਾ ਸਕਦੀ ਹੈ। ਝੋਨੇ ਦੀ ਫਸਲ 'ਚ ਲਗਾਤਾਰ ਪਾਣੀ ਖੜ੍ਹਾ ਰੱਖਣ ਨਾਲ ਜ਼ਮੀਨ 'ਚੋਂ ਮੀਥੇਨ ਗੈਸ ਨਿਕਲਦੀ ਹੈ, ਜਿਹੜੀ ਸੁਕਾ-ਸੁਕਾ ਕੇ ਪਾਣੀ ਲਾਉਣ ਨਾਲ ਬਹੁਤ ਘਟ ਜਾਂਦੀ ਹੈ। ਇਸ ਤੋਂ ਇਲਾਵਾ, ਜ਼ਮੀਨ 'ਚ ਮੌਜੂਦ ਸੂਖਮ ਜੀਵਾਂ ਦਾ ਵੀ ਵਧੇਰੇ ਵਿਕਾਸ ਹੁੰਦਾ ਹੈ। ਨਾਲ ਹੀ ਝੋਨੇ ਦੀ ਫਸਲ ਉੱਤੇ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦਾ ਹਮਲਾ ਘੱਟ ਹੁੰਦਾ ਹੈ। ਝੋਨੇ 'ਚ ਪਾਣੀ ਦਾ ਸਹੀ ਪ੍ਰਬੰਧ ਚੌਲਾਂ 'ਚ ਨਮੀ ਦੀ ਮਾਤਰਾ ਨੂੰ ਪ੍ਰਭਾਵਿਤ ਕਰਦਾ ਹੈ, ਕੀੜਿਆਂ ਤੇ ਬਿਮਾਰੀਆਂ ਦੇ ਵਾਧੇ ਨੂੰ ਰੋਕਦਾ ਹੈ, ਜਿਸ ਨਾਲ ਚੌਲਾਂ ਦੀ ਗੁਣਵੱਤਾ ਦੀ ਚੰਗੀ ਹੁੰਦੀ ਹੈ। ਖੇਤੀ ਖੋਜ ਤਜਰਬੇ ਸਿੱਧ ਕਰਦੇ ਹਨ ਕਿ ਜੇਕਰ ਝੋਨੇ ਦੀ ਫਸਲ 'ਚ ਲਗਾਤਾਰ ਪਾਣੀ ਖੜ੍ਹਾ ਰੱਖਣ ਦੇ ਮੁਕਾਬਲੇ ਸੁਕਾ-ਸੁਕਾ ਕੇ ਪਾਣੀ (ਪਿਛਲੀ ਸਿੰਚਾਈ ਵਾਲੇ ਪਾਣੀ ਦੇ ਜ਼ਮੀਨ 'ਚ ਜੀਰਨ ਤੋਂ 2 ਜਾਂ 3 ਦਿਨ ਬਾਅਦ ਅਗਲੀ ਸਿੰਚਾਈ) ਲਗਾਇਆ ਜਾਵੇ ਤਾਂ ਝਾੜ 'ਤੇ ਕੋਈ ਮਾੜਾ ਅਸਰ ਨਹੀਂ ਪੈਂਦਾ, ਜਦੋਂ ਕਿ ਪਿਛਲੀ ਸਿੰਚਾਈ ਵਾਲੇ ਪਾਣੀ ਦੇ ਜ਼ਮੀਨ 'ਚ ਜ਼ੀਰਨ ਤੋਂ 2 ਦਿਨ ਬਾਅਦ ਅਗਲੀ ਸਿੰਚਾਈ ਕਰਨ ਨਾਲ 15 ਪ੍ਰਤੀਸ਼ਤ ਪਾਣੀ ਅਤੇ 3 ਦਿਨ ਬਾਅਦ ਅਗਲੀ ਸਿੰਚਾਈ ਕਰਨ ਨਾਲ 24 ਪ੍ਰਤੀਸ਼ਤ ਪਾਣੀ ਦੀ ਬੱਚਤ ਹੁੰਦੀ ਹੈ। ਪੀ. ਏ. ਯੂ. ਦੇ ਪ੍ਰਸਾਰ ਸਿੱਖਿਆ ਡਾਇਰੈਕਟੋਰੇਟ ਵਲੋਂ ਰਾਜ ਦੇ 15 ਜ਼ਿਲ੍ਹਿਆਂ 'ਚ ਲਗਾਏ ਗਏ ਪ੍ਰਦਰਸ਼ਨੀ ਪਲਾਟਾਂ ਦੇ ਨਤੀਜੇ ਦੱਸਦੇ ਹਨ ਕਿ ਝੋਨੇ 'ਚ ਲਗਾਤਾਰ ਪਾਣੀ ਖੜ੍ਹਾ ਰੱਖਣ ਦੇ ਮੁਕਾਬਲੇ ਸੁਕਾ-ਸੁਕਾ ਕੇ ਪਾਣੀ ਲਾਉਣ ਨਾਲ ਲਗਭਗ 25 ਪ੍ਰਤੀਸ਼ਤ ਪਾਣੀ ਦੀ ਬੱਚਤ ਹੁੰਦੀ ਹੈ। ਟਿਊਬਵੈੱਲਾਂ ਲਈ ਯਕੀਨੀ ਬਿਜਲੀ ਸਪਲਾਈ ਨੂੰ ਧਿਆਨ 'ਚ ਰੱਖਦੇ ਹੋਏ, ਕਿਸਾਨ ਵੀਰਾਂ ਨੂੰ ਗੁਜ਼ਾਰਿਸ਼ ਕੀਤੀ ਜਾਂਦੀ ਹੈ ਕਿ ਉਹ ਆਪਣੇ ਝੋਨੇ ਦੇ ਖੇਤਾਂ 'ਚ ਲਗਾਤਾਰ ਪਾਣੀ ਖੜ੍ਹਾ ਨਾ ਰੱਖ ਕੇ ਸੁਕਾ-ਸੁਕਾ ਕੇ ਪਾਣੀ ਦੇ ਕੁਦਰਤੀ ਸੋਮਿਆਂ ਨੂੰ ਬਚਾਇਆ ਜਾ ਸਕੇ।





# ਪਾਰਲੀਮੈਂਟ ਮੈਂਬਰਾਂ ਵਲੋਂ ਉਸਾਰੂ ਵਿਚਾਰ ਵਟਾਂਦਰੇ ਦੀ ਲੋੜ



ਡਾ. ਰਣਜੀਤ ਸਿੰਘ

ਇਸ ਵਾਰ ਜਦੋਂ ਚੋਣ ਪ੍ਰਚਾਰ ਸ਼ੁਰੂ ਹੋਇਆ ਤਾਂ ਇੰਝ ਜਾਪਦਾ ਸੀ ਜਿਵੇਂ ਲੋਕਰਾਜ ਦਾ ਸਾਹ ਘੁੱਟਿਆ ਜਾ ਰਿਹਾ ਹੋਵੇ ਅਤੇ ਇਸ ਨੂੰ ਵੋਟ ਰਾਜ ਵਿਚ ਤਬਦੀਲ ਕੀਤਾ ਜਾ ਰਿਹਾ ਹੋਵੇ । ਬਹੁਗਿਣਤੀ ਉਮੀਦਵਾਰਾਂ ਦਾ ਮੰਤਵ ਕੇਵਲ ਵੋਟ ਪ੍ਰਾਪਤੀ ਹੀ ਸੀ । ਲੋਕਰਾਜ ਵਿਚ ਲੋਕ ਸ਼ਕਤੀ ਦਾ ਕਿਸੇ ਨੂੰ ਫਿਕਰ ਹੀ ਨਹੀਂ ਸੀ । ਉਨ੍ਹਾਂ ਨੂੰ ਜਾਪਦਾ ਸੀ ਕਿ ਲੋਕਾਂ ਨੂੰ ਸਹਿਜੇ ਹੀ ਗੁੰਮਰਾਹ ਕੀਤਾ ਜਾ ਸਕਦਾ ਹੈ । ਕਿਸੇ ਨੇ ਵੀ ਇਹ ਦੱਸਣ ਦਾ ਯਤਨ ਨਹੀਂ ਕੀਤਾ ਕਿ ਉਹ ਦੇਸ਼ ਦੇ ਵਿਕਾਸ ਬਾਰੇ ਕੀ ਸੋਚਦੇ ਹਨ । ਦੇਸ਼ ਵਿਚੋਂ ਗਰੀਬੀ, ਅਨਪੜ੍ਹਤਾ ਅਤੇ ਬੇਰੁਜ਼ਗਾਰੀ ਦੂਰ ਕਰਨ ਬਾਰੇ ਉਹ ਕਿਹੜੇ ਪ੍ਰੋਗਰਾਮ ਉਲੀਕਣਗੇ । ਅਜੇਹਾ ਨਹੀਂ ਕੀਤਾ ਜਾ ਰਿਹਾ ਸੀ ਸਗੋਂ ਆਪਣੇ ਵਿਰੋਧੀ ਉਤੇ ਚਿੱਕੜ ਸੁੱਟ ਉਸ ਨੂੰ ਨੀਵਾਂ ਵਿਖਾਉਣ ਦਾ ਯਤਨ ਕੀਤਾ ਜਾ ਰਿਹਾ ਸੀ । ਚਿੱਕੜ ਰਾਜਨੀਤੀ ਦੇ ਨਾਲੋ ਨਾਲ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣ ਦਾ ਵੀ ਯਤਨ ਕੀਤਾ ਗਿਆ । ਧਰਮ, ਜਾਤ, ਇਲਾਕੇ ਆਦਿ ਦੇ ਨਾਮ ਉੱਤੇ ਵੀ ਵੋਟਾਂ ਮੰਗੀਆਂ ਗਈਆਂ । ਦੇਸ਼ ਦੇ ਵਿਕਾਸ ਦੀ ਰੂਪ ਰੇਖਾ ਉਲੀਕਣ ਦੀ ਥਾਂ ਮੁਫਤ ਦੀਆਂ ਰਿਉੜੀਆਂ ਵੰਡਣ ਦਾ ਯਤਨ ਕੀਤਾ ਗਿਆ । ਜੇਕਰ ਕਿਸੇ ਪਾਰਟੀ ਨੇ ਆਖਿਆ ਕਿ ਚੋਣ ਜਿੱਤਣ ਪਿੱਛੋਂ ਅਸੀਂ ਪੰਜ ਕਿਲੋ ਹਰੇਕ ਮਹੀਨੇ ਅਨਾਜ ਦੇਵਾਂਗੇ ਤਾਂ ਦੂਜੀ ਧਿਰ ਨੇ 10 ਕਿਲੋ ਅਨਾਜ ਦੇਣ ਦਾ ਵਾਅਦਾ ਕੀਤਾ । ਆਖਰ ਇਹ ਅਨਾਜ ਲਈ ਪੈਸੇ ਤਾਂ ਲੋਕਾਂ ਕੋਲੋਂ ਹੀ ਆਉਣੇ ਸਨ । ਇਹੋ ਪੈਸਾ ਜੇਕਰ ਦੇਸ਼ ਵਿਚ ਰੁਜ਼ਗਾਰ ਦੇ ਵਸੀਲੇ ਵਿਕਸਿਤ ਕਰਨ ਵਲ ਲਗਾਏ ਜਾਣ ਤਾਂ ਲੋਕਾਂ ਨੂੰ ਮੰਗਤੇ ਬਣਾਉਣ ਦੀ ਲੋੜ ਨਹੀਂ ਹੋਵੇਗੀ । ਸ਼ਕਤੀ ਤਾਂ ਲੋਕਾਂ ਨੇ ਹੀ ਦੇਣੀ ਹੈ । ਇੰਝ ਲੋਕ ਸਭ ਤੋਂ ਉੱਤੇ ਹੋ ਜਾਂਦੇ ਹਨ, ਪਰ ਉਨ੍ਹਾਂ ਨੂੰ ਕੁਝ ਸਹੂਲਤਾਂ ਦਾ ਐਲਾਨ ਕਰਕੇ ਇਹ ਮਹਿਸੂਸ ਕਰਵਾਉਣ ਦਾ ਯਤਨ ਕੀਤਾ ਗਿਆ ਕਿ ਲੋਕਾਂ ਉੱਤੇ ਵੱਧ ਦਇਆ ਕਰਨ ਵਾਲੇ ਉਹ ਹੀ ਹਨ । ਲੋਕ ਰਾਜ ਵਿਚ ਲੋਕ ਹੀ ਰਾਜੇ ਹੁੰਦੇ ਹਨ । ਉਹ ਹੀ ਆਪਣੀ ਵੋਟ ਰਾਹੀਂ ਆਪਣੀ ਪਸੰਦ ਦੇ ਨੁਮਾਇੰਦੇ ਚੁਣਦੇ ਹਨ ਜਿਹੜੇ ਉਨ੍ਹਾਂ ਲਈ ਸਰਕਾਰ ਚਲਾਉਣ ਦੇ ਲੋਕ ਭਲਾਈ ਦੀਆਂ ਸਕੀਮਾਂ ਨੂੰ ਲਾਗੂ ਕਰਨ ।

ਦੇਸ਼ ਦੇ ਨਾਗਰਿਕਾਂ ਨੂੰ ਕੇਵਲ ਵੋਟ ਸਮਝਣਾ ਸਾਡੇ ਆਗੂਆਂ ਦੀ ਭੁੱਲ ਸੀ । ਉਨ੍ਹਾਂ ਨੂੰ ਲੱਛੇਦਾਰ ਭਾਸ਼ਣਾ ਨਾਲ ਗੁੰਮਰਾਹ ਕਰਨ ਦੀ ਨੀਤੀ ਵੀ ਗਲਤ ਸੀ । ਇਸ ਦਾ ਅਹਿਸਾਸ ਚੋਣ ਨਤੀਜਿਆਂ ਨੇ ਕਰਵਾ ਦਿੱਤਾ ਹੈ । ਦੇਸ਼ ਦੇ ਵੋਟਰਾਂ ਦੀ ਬਹੁਗਿਣਤੀ ਭਾਵੇਂ ਗਰੀਬ ਅਤੇ ਅਨਪੜ੍ਹ ਹੈ ਪਰ ਉਨ੍ਹਾਂ ਨੇ ਇਹ ਅਹਿਸਾਸ ਕਰਵਾ ਦਿੱਤਾ ਹੈ ਕਿ ਉਹ ਆਪਣੇ ਵੋਟ ਦੀ ਸ਼ਕਤੀ ਤੋਂ ਜਾਣੂ ਹਨ । ਇਸ ਸ਼ਕਤੀ ਨੂੰ ਖਰੀਦਿਆ ਨਹੀਂ ਜਾ ਸਕਦਾ ਸਗੋਂ ਚੰਗੇ ਕੰਮਕਾਰ ਅਤੇ ਲੋਕ ਪੱਖੀ ਨੀਤੀਆਂ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ । ਇਸ ਵਾਰ ਵੋਟਰਾਂ ਨੇਲੋਕ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਹੈ ਅਤੇ ਨੇਤਾ ਲੋਕਾਂ ਨੂੰ ਇਹ ਪਰਪੱਕ ਕਰਵਾਉਣ ਦਾ ਯਤਨ ਕੀਤਾ ਹੈ ਕਿ ਲੋਕਰਾਜ ਵਿਚ ਲੋਕ ਹੀ ਮਾਲਕ ਹੁੰਦੇ ਹਨ । ਨੇਤਾਂ ਲੋਕ ਰਾਜੇ ਨਹੀਂ ਸਗੋਂ ਲੋਕ ਸੇਵਕ ਹੁੰਦੇ ਹਨ । ਜਿਨ੍ਹਾਂ ਨੂੰ ਲੋਕ ਇਸ ਕਰਕੇ ਚੁਣਦੇ ਹਨ ਕਿ ਉਹ ਦੇਸ਼ ਅਤੇ ਨਾਗਰਿਕਾਂ ਦੇ ਹਿੱਤਾਂ ਦੀ ਰਾਖੀ ਪੂਰੀ ਇਮਾਨਦਾਰੀ ਨਾਲ ਕਰਨਗੇ । ਪਰ ਅਜੇਹਾ ਉਦੋਂ ਹੀ ਹੋ ਸਕਦਾ ਹੈ ਜਦੋਂ ਨੇਤਾ ਲੋਕ ਆਪ ਇਮਾਨਦਾਰ ਹੋਣਗੇ । ਇਸ ਵਾਰ ਤਾਂ ਬੇਇਮਾਨੀ ਦੀਆਂ ਹੱਦਾ ਪਾਰ ਕੀਤੀਆਂ ਗਈਆਂ । ਪਹਿਲਾਂ ਵੋਟਰਾਂ ਦੀ ਖਰੀਦੋ ਫਰੋਖਤ ਹੁੰਦੀ ਸੀ ਪਰ ਇਸ ਵਾਰ ਉਮੀਦਵਾਰਾਂ ਦੀ ਵੀ ਖਰੀਦੋ ਫਰੋਖਤ ਹੋਈ । ਜਿੱਤ ਸਕਣ ਵਾਲੇ ਲੀਡਰਾਂ ਉਤੇ ਦਾਅ ਲਗਾਏ ਗਏ । ਇਸ ਕਰਕੇ ਇਸ ਵਾਰ ਚੋਣਾਂ ਦੌਰਾਨ ਸਭ ਤੋਂ ਵੱਧ ਦਲ-ਬਦਲੀ ਹੋਈ । ਇਥੋਂ ਤਕ ਨਿਘਾਰ ਆਇਆ ਕਿ ਨੇਤਾ ਦੀ ਆਪਣੀ ਪਾਰਟੀ ਨੇ ਉਸ ਨੂੰ ਉਮੀਦਵਾਰ ਐਲਾਨਿਆ ਪਰ ਰਾਤੋ ਰਾਤ ਉਸ ਪਾਰਟੀ ਬਦਲ ਲਈ । ਅਜੇਹਾ ਡਰ ਜਾਂ ਲਾਲਚ ਵਿਚ ਆ ਕੇ ਕੀਤਾ ਗਿਆ । ਲੋਕ ਸ਼ਕਤੀ ਨੇ ਦਲ ਬਦਲੂਆਂ ਨੂੰ ਵੀ ਸਬਕ ਸਿਖਾਇਆ । ਬਹੁਤੇ ਦਲ ਬਦਲੂ ਨੇਤਾਵਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ ।

ਪਿਛਲੇ ਦਸ ਸਾਲਾਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਰਾਜ ਕਰ ਰਹੀ ਭਾਰਤੀ ਜਨਤਾ ਪਾਰਟੀ ਇਸ ਵਾਰ ਲੋਕ ਸਭਾ ਵਿਚ ਬਹੁਮੱਤ ਹਾਸਲ ਨਹੀਂ ਕਰ ਸਕੀ । ਉਸ ਦੇ ਘਟੋ ਘਟ 30 ਮੈਂਬਰ 500 ਤੋਂ ਵੀ ਘੱਟ ਵੋਟਾਂ ਨਾਲ ਜੇਤੂ ਰਹੇ ਹਨ । ਹੁਣ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਲਈ ਮੋਦੀ ਸਾਹਿਬ ਨੂੰ ਦੂਜੀਆਂ ਪਾਰਟੀਆਂ ਦਾ ਸਹਾਰਾ ਲੈਣਾ ਪਿਆ ਹੈ । ਹੁਣ ਉਹ ਸਹਿਯੋਗੀਆਂ ਦੀ ਸਹਿਮਤੀ ਨਾਲ ਹੀ ਫੈਸਲੇ ਲੈਣਗੇ । ਇਸ ਦੇ ਨਾਲ ਹੀ ਇਕ ਮਜ਼ਬੂਤ ਵਿਰੋਧੀ ਧਿਰ ਵੀ ਸਾਹਮਣੇ ਆਈ । ਦਸ ਸਾਲਾਂ ਪਿੱਛੋਂ ਸਦਨ ਨੂੰ ਵਿਰੋਧੀ ਧਿਰ ਦਾ ਨੇਤਾ ਪ੍ਰਾਪਤ ਹੋਵੇਗਾ ।

ਹੁਣ ਲੋਕ ਸਭਾ ਮੈਂਬਰਾਂ ਨੂੰ ਆਤਮ ਨਿਰੀਖਣ ਦੀ ਲੋੜ ਹੈ । ਪਿਛਲੇ ਦਸ ਸਾਲਾਂ ਦੌਰਾਨ ਲੋਕ ਸਭਾ ਵਿਚ ਉਸਾਰੂ ਬਹਿਸ ਨਹੀਂ ਹੋਈ ਸਗੋਂ ਸਦਨ ਦੇ ਅੰਦਰ ਵੀ ਇਕ ਦੂਜੇ ਉੱਤੇ ਚਿਕੜ ਸੁੱਟਿਆ ਗਿਆ ਹੈ । ਮੈਂਬਰਾਂ ਦਾ ਮਖੌਲ ਉਡਾਇਆ ਗਿਆ ਹੈ । ਵਿਰੋਧੀ ਧਿਰ ਨੇ ਧਰਨੇ ਅਤੇ ਨਾਹਰੇਬਾਜੀ ਹੀ ਕੀਤੀ ਹੈ । ਇਸ ਵਾਰ ਲਗਦਾ ਸੀ ਕਿ ਆਗੂਆਂ ਨੂੰ ਸੋਝੀ ਹੋਵੇਗੀ ਅਤੇ ਸਦਨ ਵਿਚ ਉਹ ਉਸਾਰੂ ਵਿਚਾਰ ਵਟਾਂਦਰਾ ਕਰਕੇ ਦੇਸ਼ ਦੀਆਂ ਪ੍ਰਮੁੱਖ ਸਮੱਸਿਆਵਾਂ ਦਾ ਹਲ ਲੱਭਣਗੇ । ਪਰ ਪਹਿਲੇ ਸਦਨ ਵਿਚ ਕੋਈ ਤਬਦੀਲੀ ਨਜ਼ਰ ਨਹੀਂ ਸਗੋਂ ਇਕ ਦੂਜੇ ਉੱਤੇ ਚਿੱਕੜ ਸੁੱਟਣ ਦਾ ਹੀ ਯਤਨ ਕੀਤਾ ਗਿਆ ਹੈ । ਲੋਕਾਂ ਵਲੋਂ ਮਿਲੇ ਫਤਵੇ ਨੂੰ ਸਵੀਕਾਰ ਕਰਦਿਆਂ ਹੋਇਆਂ ਆਗੂਆਂ ਨੂੰ ਲੋਕ ਸ਼ਕਤੀ ਦੀ ਤਾਕਤ ਦਾ ਅਹਿਸਾਸ ਹੋ ਜਾਣਾ ਚਾਹੀਦਾ ਹੈ । ਵੋਟਰਾਂ ਨੇ ਉਨ੍ਹਾਂ ਚੋਣ ਲੋਕ ਸੇਵਾ ਲਈ ਕੀਤੀ ਹੈ ਨਾ ਕਿ ਸੱਤਾ ਦਾ ਅਨੰਦ ਭੋਗਣ ਲਈ ਕੀਤੀ ਹੈ ।

ਸਾਡੇ ਦੇਸ਼ ਨੂੰ ਸੰਸਾਰ ਦਾ ਸਭ ਤੋਂ ਵੱਡਾ ਲੋਕਰਾਜ ਮੰਨਿਆ ਜਾਂਦਾ ਹੈ ਇਸੇ ਤਰ੍ਹਾਂ ਜਿਸ ਸੰਵਿਧਾਨ ਅਨੁਸਾਰ ਲੋਕਰਾਜ ਸਥਾਪਿਤ ਹੋਇਆ ਸੀ ਉਸ ਨੂੰ ਸੰਸਾਰ ਦਾ ਸਭ ਤੋਂ ਵਧੀਆ ਅਤੇ ਸੰਪੂਰਨ ਸੰਵੀਧਾਨ ਮੰਨਿਆ ਜਾਂਦਾ ਹੈ । ਇਸ ਵਾਰ ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਬਿਨਾਂ ਕਿਸੇ ਭੇਦ-ਭਾਵ ਤੋਂ ਬਰਾਬਰ ਦੇ ਅਧਿਕਾਰ ਦਿੱਤੇ ਗਏ ਹਨ । ਦੇਸ਼ ਨੂੰ ਗਣਤੰਤਰ ਬਣਿਆਂ ਸੱਤ ਦਹਾਕਿਆਂ ਤੋਂ ਵੱਧ ਦਾ ਸਮਾਂ ਹੋ ਗਿਆ ਹੈ । ਹੁਣ ਤੱਕ ਸਾਡੇ ਲੋਕਰਾਜ ਨੂੰ ਸੱਚਮੁੱਚ ਸਭ ਦੇਸ਼ਾਂ ਤੋਂ ਵਧੀਆ ਮੰਨਿਆ ਜਾਣਾ ਚਾਹੀਦਾ ਸੀ ਪਰ ਅਜੇਹਾ ਨਹੀਂ ਹੈ । ਸਮੇਂ ਦੇ ਬੀਤਣ ਨਾਲ ਇਸ ਵਿਚ ਨਿਖਾਰ ਆਉਣ ਦੀ ਥਾਂ ਨਿਘਾਰ ਆ ਰਿਹਾ ਹੈ । ਲੋਕਰਾਜ ਵਿਚ ਸਰਕਾਰ ਨੂੰ ਚਲਾਉਣ ਲਈ ਲੋਕੀਂ ਆਪਣੇ ਪ੍ਰਤੀਨਿਧ ਚੁਣਦੇ ਹਨ ਜਿਹੜੇ ਪੰਜ ਸਾਲ ਤਕ ਸਰਕਾਰ ਨੂੰ ਚਲਾਉਂਦੇ ਹਨ । ਕਿਸੇ ਸਪੱਸ਼ਟ ਵਿਚਾਰਧਾਰਾ ਅਨੁਸਾਰ ਸਰਕਾਰ ਚਲਾਉਣ ਲਈ ਰਾਜਸੀ ਪਾਰਟੀਆਂ ਹੋਂਦ ਵਿਚ ਆਉਂਦੀਆਂ ਹਨ । ਜਿਨ੍ਹਾਂ ਦਾ ਮੰਤਵ ਇਕ ਮਿੱਥੀ ਸੋਚ ਅਤੇ ਨੀਤੀ ਅਨੁਸਾਰ ਰਾਜ ਪ੍ਰਬੰਧ ਚਲਾਉਣਾ ਹੁੰਦਾ ਹੈ । ਅਸਲ ਵਿਚ ਇਕ ਲੋਕਰਾਜ ਦੇਸ਼ ਵਿਚ ਸਰਕਾਰ ਦਾ ਮੁੱਖ ਫਰਜ ਨਾਗਰਿਕਾਂ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਨਾ ਹੈ । ਇਸ ਦਾ ਭਾਵ ਹੈ ਕਿ ਬਿਨਾਂ ਕਿਸੇ ਭੇਦਭਾਵ ਤੋਂ ਸਭਨਾਂ ਲਈ ਅਜੇਹੇ ਵਸੀਲੇ ਪੈਦਾ ਕਰਨੇ ਹੁੰਦੇ ਹਨ ਤਾਂ ਜੋ ਉਨ੍ਹਾਂ ਨੂੰ ਰੋਟੀ, ਕਪੜਾ, ਮਕਾਨ, ਵਿਦਿਆ ਅਤੇ ਸਿਹਤ ਸਹੂਲਤਾਂ ਦੀ ਪ੍ਰਾਪਤੀ ਹੋ ਸਕੇ । ਰਾਜਸੀ ਪਾਰਟੀਆਂ ਦੇ ਆਗੂ ਲੋਕ ਸੇਵਕ ਅਤੇ ਸਰਕਾਰੀ ਕਰਮਚਾਰੀ ਲੋਕਾਂ ਦੇ ਨੌਕਰ ਹੁੰਦੇ ਹਨ । ਹੁਣ ਵੇਖਣਾ ਇਹ ਹੈ ਕਿ ਕੀ ਭਾਰਤ ਵਿਚ ਅਜੇਹਾ ਹੋ ਸਕਿਆ ਹੈ । ਅਜ ਵੀ ਸਰਕਾਰ 80 ਕਰੋੜ ਲੋਕਾਂ ਭਾਵ ਦੇਸ਼ ਦੀ ਅਧਿਉਂ ਵੱਧ ਆਬਾਦੀ ਨੂੰ ਮੁਫਤ ਰਾਸ਼ਨ ਦੇਣ ਲਈ ਮਜ਼ਬੂਰ ਹੋ ਰਹੀ ਹੈ । ਅਜੇਹਾ ਉਦੋਂ ਹੀ ਹੁੰਦਾ ਹੈ ਜਦੋਂ ਲੋਕਾਂ ਕੋਲ ਢੁੱਕਵਾਂ ਰੁਜ਼ਗਾਰ ਨਾ ਹੋਵੇ ਅਤੇ ਆਪਣੀ ਰੋਜ਼ੀ ਰੋਟੀ ਦਾ ਪ੍ਰਬੰਧ ਨਾ ਕਰ ਸਕਦੇ ਹੋਣ । ਵਸੋਂ ਦੇ ਜਿਸ ਹਿੱਸੇ ਨੂੰ ਢਿੱਡ ਭਰਨ ਲਈ ਸਰਕਾਰ ਵਲੋਂ ਮੁਫਤ ਅਨਾਜ ਦਿੱਤਾ ਜਾਂਦਾ ਹੈ ਉਹ ਭਲਾ ਆਪਣੇ ਬੱਚਿਆਂ ਲਈ ਵਧੀਆ ਪੜ੍ਹਾਈ ਅਤੇ ਪਰਿਵਾਰ ਲਈ ਚੰਗੀਆਂ ਸਹੂਲਤਾਂ ਬਾਰੇ ਕਿਸੇ ਸੋਚ ਸਕਦੀ ਹੈ । ਸਮੇਂ ਦੇ ਬੀਤਣ ਨਾਲ ਬਹੁਤੇ ਰੁਜ਼ਗਾਰ, ਵਿਦਿਆ ਅਤੇ ਸਿਹਤ ਵਸੀਲੇ ਨਿਜੀ ਖੇਤਰ ਵਿਚ ਚਲੇ ਗਏ ਹਨ । ਦੇਸ਼ ਦੀ ਅੱਧੀ ਵਸੋਂ ਦੀ ਇਹ ਪਹੁੰਚ ਤੋਂ ਬਾਹਰ ਹੋ ਰਹੇ ਹਨ । ਅਜੇਹਾ ਕਿਉਂ ਹੋ ਰਿਹਾ ਹੈ । ਇਸ ਲਈ ਸਾਡੀਆਂ ਰਾਜਸੀ ਪਾਰਟੀਆਂ ਅਤੇ ਨੇਤਾ ਜ਼ੁੰਮੇਵਾਰ ਹਨ । ਸਮੇਂ ਦੇ ਬੀਤਣ ਨਾਲ ਰਾਜਨੀਤਕ ਪਾਰਟੀਆਂ ਕੋਲ ਕੋਈ ਨੀਤੀ ਨਹੀਂ ਹੈ । ਆਗੂਆਂ ਦੀ ਨੀਯਤ ਖੋਟੀ ਹੋ ਗਈ ਹੈ । ਹੁਣ ਉਹ ਲੋਕ ਸੇਵਾ ਦੀ ਥਾਂ ਨਿਜ ਸੇਵਾ ਕਰਦੇ ਹਨ । ਆਪਣੇ ਅਸੂਲਾਂ ਅਤੇ ਕੀਤੇ ਲੋਕ ਭਲਾਈ ਦੇ ਕੰਮਾਂ ਆਧਾਰਿਤ ਵੋਟ ਨਹੀਂ ਮੰਗਦੇ ਸਗੋਂ ਵੋਟਾਂ ਮੰਗਣ ਲਈ ਹਰ ਤਰ੍ਹਾਂ ਦੇ ਗਲਤ ਢੰਗ ਤਰੀਕਿਆਂ ਦੀ ਵਰਤੋਂ ਕਰ ਰਹੇ ਹਨ । ਮੇਰੀ ਪੀੜ੍ਹੀ ਨੂੰ 1952 ਵਿਚ ਹੋਈਆਂ ਪਹਿਲੀਆਂ ਚੋਣਾਂ ਨੂੰ ਲੈ ਕੇ 2024 ਦੀਆਂ ਚੋਣਾਂ ਨੂੰ ਨੇੜਿਆਂ ਵੇਖਣ ਦਾ ਮੌਕਾ ਮਿਲਿਆ ਹੈ । ਜੇਕਰ ਪਿਛਲ ਝਾਤ ਮਾਰੀ ਜਾਵੇ ਤਾਂ 1967 ਤੱਕ ਚੋਣਾਂ ਲੋਕ ਸਭਾ ਅਤੇਅਸੈਂਬਲੀ ਦੀਆਂ ਇਕਠੀਆਂ ਹੀ ਹੁੰਦੀਆਂ ਸਨ ਤੇ ਸਾਰਾ ਕੰਮ ਇਕ ਹਫਤੇ ਵਿਚ ਨਿਬੜ ਜਾਂਦਾ ਸੀ । ਚੋਣ ਪ੍ਰਚਾਰ ਵਿਚ ਸਾਦਗੀ ਸੀ । ਲੋਕ ਆਪਣੇ ਲੀਡਰਾਂ ਦਾ ਸਤਿਕਾਰ ਕਰਦੇ ਸਨ । ਉਨ੍ਹਾਂ ਨੂੰ ਸੁਣਨ ਦੂਰੋਂ ਦੂਰੋਂ ਪੈਦਲ ਚਲ ਕੇ ਆਉਂਦੇ ਸਨ ਕਿਉਂਕਿ ਉਦੋਂ ਤਕ ਆਵਾਜਾਈ ਦੇ ਸਾਧਨ ਇਤਨੇ ਵਿਕਸਤ ਨਹੀਂ ਸਨ ਹੋਏ । ਐਮ ਪੀ ਅਤੇ ਐਮ ਐਲ ਏ ਨੂੰ ਬਿਨਾਂ ਕਿਸੇ ਸੁਰੱਖਿਆ ਤੋਂ ਸਾਈਕਲ ਉੱਤੇ ਫਿਰਦੇ ਵੇਖਿਆ ਹੈ । ਉਨ੍ਹਾਂ ਦੇ ਘਰਾਂ ਅਗੇ ਹੁਣ ਵਾਂਗ ਸਿਫਾਰਸ਼ੀਆਂ ਦੀ ਭੀੜ ਨਹੀਂ ਸੀ ਹੁੰਦੀ । ਵਜ਼ੀਰਾਂ ਕੋਲ ਵੀ ਜੀਪਾਂ ਹੀ ਸਨ ਤੇ ਅੱਗੇ ਪਿਛੇ ਪੁਲਿਸ ਦੀ ਸੁਰੱਖਿਆ ਵੀ ਨਹੀਂ ਸੀ । ਲੋਕਾਂ ਵਿਚ ਉਤਸ਼ਾਹ ਸੀ ਉਹ ਵਿਕਾਸ ਦੇ ਕਾਰਜਾਂ ਵਿਚ ਵੱਧ ਚੜ੍ਹ ਕੇ ਹਿੱਸਾ ਪਾਉਂਦੇ ਸਨ । ਮੁਫਤ ਦੀਆਂ ਰਿਉੜੀਆਂ ਜਿਨ੍ਹਾਂ ਨੂੰ ਹੁਣ ਗਾਰੰਟੀਆਂ ਆਖਿਆ ਜਾਣ ਲਗ ਪਿਆ ਹੈ ਨਹੀਂ ਦਿੱਤੀਆਂ ਜਾਂਦੀਆਂ ਸਨ । ਲੋਕ ਉਮੀਦਵਾਰ ਦੇ ਕਿਰਦਾਰ ਅਤੇ ਪਾਰਟੀ ਦੀ ਨੀਤੀ ਅਨੁਸਾਰ ਵੋਟ ਪਾਉਂਦੇ ਸਨ । ਪ੍ਰਚਾਰ ਸੀਮਤ ਸੀ । ਮੀਡੀਆ ਤਾਂ ਹੈ ਹੀ ਨਹੀਂ ਸੀ । ਕੇਵਲ ਅਖਬਾਰਾਂ ਸਨ ਜਿਨ੍ਹਾਂ ਦੀ ਪਹੁੰਚ ਸੀਮਤ ਸੀ ਜਾਂ ਸਰਕਾਰੀ ਰੇਡੀਓ ਸੀ । ਪੈਸੇ, ਨਸ਼ੇ ਜਾਂ ਕੋਈ ਹੋਰ ਲਾਲਚ ਵੀ ਨਹੀਂ ਸਨ । ਲੋਕ ਨੁਮਾਇੰਦਿਆਂ ਤਕ ਪਹੁੰਚ ਸੌਖੀ ਸੀ ।

ਚੋਣ ਜਿੱਤਣ ਪਿਛੋਂ ਪੰਜਾਂ ਸਾਲਾਂ ਵਿਚ ਵਿਧਾਇਕ ਕਰੋੜਪਤੀ ਬਣ ਜਾਂਦੇ ਹਨ । ਇਸੇ ਲਾਲਚ ਲਈ ਦੇਸ਼ ਵਿਚ ਰਿਸ਼ਵਤਖੋਰੀ ਦਾ ਵਾਧਾ ਹੋਇਆ ਹੈ । ਨਸ਼ਿਆ ਦੇ ਵਿਉਪਾਰ ਅਤੇ ਮਿਲਾਵਟ ਵਿਚ ਹੀ ਕਈ ਆਗੂਆਂ ਦਾ ਨਾਮ ਬੋਲਦਾ ਹੈ । ਲੀਡਰਾਂ ਵਿਚ ਪੈਸੇ ਦੀ ਭੁੱਖ ਨਾਲ ਵਿਧਾਇਕਾਂ ਦੀ ਖਰੀਦੋਫਰੋਖਤ ਸ਼ੁਰੂ ਹੋ ਗਈ ਤੇ ਦੇਸ਼ ਵਿਚ ਦਲਬਦਲੀ ਇਕ ਧੰਦਾ ਬਣ ਗਈ । ਇਸ ਨੂੰ ਰੋਕਣ ਲਈ ਦਲਬਦਲੀ ਵਿਰੋਧੀ ਕਾਨੂੰਨ ਬਣਾਇਆ ਗਿਆ, ਪਰ ਇਸ ਨਾਲ ਦਲਬਦਲੀ ਰੁਕਣ ਦੀ ਥਾਂ ਇਸ ਵਿਚ ਵਾਧਾ ਹੋ ਰਿਹਾ ਹੈ । ਦਲਬਦਲ ਕੇ ਵਿਧਾਇਕ ਮੈਂਬਰੀ ਤੋਂ ਅਸਤੀਫਾ ਦੇ ਦਿੰਦਾ ਹੈ । ਦੋ ਮਹੀਨਿਆਂ ਪਿਛੋਂ ਉਥੇ ਮੁੜ ਚੋਣ ਹੁੰਦੀ ਹੈ ਤਾਂ ਉਹ ਹੀ ਵਿਧਾਇਕ ਨਵੀਂ ਪਾਰਟੀ ਦੀ ਟਿਕਟ ਉੱਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ । ਜਨਤਾ ਨੂੰ ਦੂਜੀ ਵਾਰ ਹੋਈ ਚੋਣ ਦਾ ਖਰਚਾ ਝਲਣਾ ਪੈਂਦਾ ਹੈ । ਹੁਣ ਦਾਂ ਸਾਰੀਆਂ ਪਾਰਟੀਆਂ ਦੀ ਇਕੋ ਨੀਤੀ ਹੈ ਕਿ ਕਿਵੇਂ ਚੋਣਾਂ ਜਿੱਤੀਆਂ ਜਾਣ । ਦੇਸ਼ ਵਿਚ ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਅਬਾਦੀ ਅਤੇ ਘਟ ਰਿਹਾ ਪੀਣ ਵਾਲਾ ਪਾਣੀ ਤੇ ਵਾਹੀ ਹੇਠ ਧਰਤੀ ਵਰਗੇ ਮਸਲਿਆਂ ਬਾਰੇ ਕੋਈ ਚਰਚਾ ਹੀ ਨਹੀਂ ਹੈ । ਦੇਸ਼ ਵਿਚ ਦੌਲਤ ਦਾ ਵਾਧਾ ਹੋਇਆ ਹੈ ਪਰ ਇਹ ਵੀ ਸੱਚ ਹੈ ਕਿ ਇਹ ਕੁਝ ਕਰ ਪਰਿਵਾਰਾਂ ਦੇ ਕਬਜ਼ੇ ਹੇਠ ਆ ਗਈ ਹੈ । ਇਕ ਅੰਦਾਜੇ ਅਨੁਸਾਰ ਦੇਸ਼ ਦੇ ਇਕ ਪ੍ਰਤੀਸ਼ਤ ਲੋਕਾਂ ਕੋਲ ਦੇਸ਼ ਦਾ 40 ਪ੍ਰਤੀਸ਼ਤ ਤੋਂ ਵੀ ਵਧ ਸਰਮਾਇਆ ਹੈ । ਅਰਬਪਤੀਆਂ ਦੀ ਗਿਣਤੀ ਵਧ ਰਹੀ ਹੈ ਤੇ ਇਸ ਦੇ ਨਾਲ ਹੀ ਗਰੀਬਾਂ ਦੀ ਗਿਣਤੀ ਵਿਚ ਵੀ ਵਾਧਾ ਹੋ ਰਿਹਾ ਹੈ । ਦੇਸ਼ ਦੇ ਬਹੁਪੱਖੀ ਵਿਕਾਸ ਲਈ ਯੋਜਨਾ ਕਮਿਸ਼ਨ ਬਣਾਇਆ ਗਿਆ ਸੀ ਜਿਹੜਾ ਦੇਸ਼ ਦੇ ਵਿਕਾਸ ਲਈ ਪੰਜ ਸਾਲਾ ਯੋਜਨਾ ਬਣਾਉਣਾ ਸੀ ਤੇ ਉਸੇ ਅਨੁਸਾਰ ਵਿਕਾਸ ਦੇ ਕਾਰਜ ਹੁੰਦੇ ਹਨ । ਪਰ ਨਵੀਂ ਸਰਕਾਰ ਨੇ ਇਸਦਾ ਨਾਮ ਬਦਲ ਕੇ ਨੀਤੀ ਆਯੋਗ ਰੱਖ ਦਿੱਤਾ ਹੈ ਪਰ ਪਿਛਲੇ ਦਸ ਸਾਲਾਂ ਵਿਚ ਦੇਸ਼ ਦੀ ਬਹੁਪੱਖੀ ਵਿਕਾਸ ਲਈ ਕੋਈ ਵੀ ਯੋਜਨਾ ਤਿਆਰ ਨਹੀਂ ਹੋ ਸਕੀ ਹੈ । ਚੋਣਾ ਇਤਨੀਆਂ ਖਰਚੀਲੀਆਂ ਹੋ ਗਈਆਂ ਹਨ ਕਿ ਕੋਈ ਵੀ ਇਮਾਨਦਾਰ ਆਦਮੀ ਚੋਣ ਲੜਨ ਦੀ ਹਿੰਮਤ ਨਹੀਂ ਕਰ ਸਕਦਾ । ਚੋਣਾਂ ਲੜਨ ਉੱਤੇ ਹਜਾਰਾਂ ਕਰੋੜ ਰੁਪੈ ਖਰਚ ਕਰਦੀਆਂ ਹਨ । ਇਹ ਪੈਸਾ ਕੰਪਨੀਆਂ ਅਤੇ ਕਾਰਪੋਰੇਟ ਘਰਾਣੇ ਚੰਦੇ ਦੇ ਰੂਪ ਵਿਚ ਦਿੰਦੇ ਹਨ । ਉਹ ਦੇਸ਼ ਪ੍ਰੇਮ ਲਈ ਚੰਦਾ ਨਹੀਂ ਦਿੰਦੇ ਸਗੋਂ ਆਪਣੇ ਫਾਇਦੇ ਲਈ ਉਲੀਕੇ ਪ੍ਰੋਗਰਾਮ ਨੂੰ ਲਾਗੂ ਕਰਵਾਉਂਦੇ ਹਨ । ਇੰਝ ਉਹ ਆਪਣੀ ਕਮਾਈ ਵਿਚ ਤੇਜੀ ਨਾਲ ਵਾਧਾ ਕਰ ਰਹੇ ਹਨ । ਵਿਧਾਇਕਾਂ ਨੇ ਆਪਣੀਆਂ ਸਹੂਲਤਾਂ ਵਿਚ ਬੇਤਹਾਸ਼ਾ ਵਾਧਾ ਕੀਤਾ ਹੈ । ਇਨ੍ਹਾਂ ਨੂੰ ਵੇਖ ਸਰਕਾਰੀ ਕਰਮਚਾਰੀ ਵੀ ਵਧੀਆ ਜੀਵਨ ਜੀਉ ਰਹੇ ਹਨ । ਵਿਕਾਸ ਲਈ ਪੈਸਾ ਬਚਦਾ ਹੀ ਨਹੀਂ । ਦੇਸ਼ ਦੀ ਬਹੁਤੀ ਪੁਲਿਸ ਲੀਡਰਾਂ ਅਤੇ ਅਫਸਰਾਂ ਦੀ ਸੁਰੱਖਿਆ ਵਿਚ ਲੱਗੀ ਹੋਈ ਹੈ । ਆਮ ਲੋਕਾਂ ਦੀ ਸੁਰੱਖਿਆ ਦਾ ਰੱਬ ਹੀ ਰਾਖਾ ਹੈ । ਬਹੁਤਿਆਂ ਨੂੰ ਇਸ ਸੁਰੱਖਿਆ ਦੀ ਲੋੜ ਨਹੀਂ ਸਗੋਂ ਇਹ ਵਡੱਪਣ ਦੀ ਨਿਸ਼ਾਨੀ ਬਣ ਗਿਆ ਹੈ ।

ਇਸ ਵਾਰ ਲੋਕਾਂ ਨੇ ਆਪਣੀ ਸ਼ਕਤੀ ਦਾ ਪ੍ਰਗਟਾਵਾ ਕੀਤਾ ਹੈ । ਇਹ ਲੀਡਰਾਂ ਅਤੇ ਰਾਜਨੀਤਕ ਪਾਰਟੀਆਂ ਲਈ ਇਕ ਚੁਣੌਤੀ ਹੈ । ਨਵੇਂ ਚੁਣੇ ਗਏ ਮੈਂਬਰਾਂ ਨੂੰ ਆਪਣੀ ਸੋਚ ਬਦਲਣੀ ਪਵੇਗੀ । ਪਿਛਲੇ ਕਈ ਸਾਲਾਂ ਤੋਂ ਲੋਕ ਸਭਾ ਵਿਚ ਕੋਈ ਉਸਾਰੀ ਬਹਿਸ ਨਹੀਂ ਹੋਈ ਸਗੋਂ ਇਕ ਦੂਜੇ ਉੱਤੇ ਚਿਕੜ ਹੀ ਸੁੱਟਿਆ ਜਾਂਦਾ ਰਿਹਾ ਹੈ । ਵਿਰੋਧੀ ਧਿਰ ਕਮਜ਼ੋਰ ਹੋਣ ਕਰਕੇ ਉਹ ਕੇਵਲ ਸ਼ੋਰ-ਸ਼ਰਾਬਾ ਕਰਕੇ ਸਦਨ ਦੀ ਕਾਰਵਾਈ ਨੂੰ ਰੋਕਦੇ ਰਹੇ ਹਨ ਅਤੇ ਸਰਕਾਰ ਵਲੋਂ ਪੇਸ਼ ਬਹੁਤੇ ਬਿਲ ਬਿਨਾਂ ਕਿਸੇ ਬਹਿਸ ਤੋਂ ਪਾਸ ਹੁੰਦੇ ਰਹੇ ਹਨ । ਅਸਲ ਵਿਚ ਪਾਰਲੀਮੈਂਟ ਵਿਚ ਹੁੰਦੀ ਚਰਚਾ ਨੂੰ ਬਹਿਸ ਨਹੀਂ ਆਖਣਾ ਚਾਹੀਦਾ ਕਿਉਂਕਿ ਬਹਿਸ ਦਾ ਮੁੱਖ ਮੰਤਵ ਇਕ ਦੂਜੇ ਨੂੰ ਗਲਤ ਸਾਬਤ ਕਰਨਾ ਹੁੰਦਾ ਹੈ । ਇਸ ਨੂੰ ਵਿਚਾਰ ਵਟਾਂਦਰਾ ਆਖਣਾ ਚਾਹੀਦਾ ਹੈ ਤਾਂ ਜੋ ਸਾਰੇ ਮੈਂਬਰ ਦੇਸ਼ ਦੇ ਸਾਹਮਣੇ ਮੁੱਖ ਸਮੱਸਿਆਵਾਂ ਜਿਵੇਂ ਕਿ ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ, ਵਧ ਰਹੀ ਆਬਾਦੀ, ਘਰ ਰਿਹਾ ਪਾਣੀ, ਰੁੱਖਾਂ ਦੀ ਕਟਾਈ ਆਦਿ ਬਾਰੇ ਸੰਜੀਦਾ ਵਿਚਾਰ ਵਟਾਂਦਰਾ ਕਰਨ । ਦੋਵੇਂ ਧਿਰਾਂ ਨੂੰ ਰਲ ਕੁਝ ਉਸਾਰੂ ਸੁਝਾਵ ਦੇਣੇ ਚਾਹੀਦੇ ਹਨ ਤਾਂ ਜੋ ਇਨ੍ਹਾਂ ਸਮੱਸਿਆਵਾਂ ਦੇ ਹਲ ਲਈ ਕਾਰਜਸ਼ੈਲੀ ਤਿਆਰ ਕੀਤੀ ਜਾ ਸਕੇ । ਸਰਕਾਰੀ ਕਰਮਚਾਰੀ ਪਾਰਲੀਮੈਂਟ ਵਲੋਂ ਤਿਆਰ ਸਕੀਮਾਂ ਨੂੰ ਸਹੀ ਢੰਗ ਨਾਲ ਚਲਾਉਣ ਇਸ ਦੀ ਨਿਗਰਾਨੀ ਆਪੋ ਆਪਣੇ ਹਲਕੇ ਦੇ ਮੈਂਬਰਾਂ ਨੂੰ ਕਰਨੀ ਚਾਹੀਦੀ ਹੈ । ਲੋਕਾਂ ਨੇ ਉਨ੍ਹਾਂ ਉੱਤੇ ਵਿਸ਼ਵਾਸ ਕੀਤਾ ਹੈ ਅਤੇ ਵਿਸ਼ਵਾਸਘਾਤ ਕਰਨਾ ਇਕ ਵੱਡਾ ਗੁਨਾਹ ਹੈ । ਮੈਂਬਰਾਂ ਨੇ ਦੇਸ਼ ਦੀ ਸੇਵਾ ਕਰਨ ਦੀ ਸਹੁੰ ਖਾਧੀ ਹੈ ਉਨ੍ਹਾਂ ਨੂੰ ਆਪਣੇ ਬਾਰੇ ਸੋਚਣ ਦੀ ਥਾਂ ਲੋਕਾਂ ਬਾਰੇ ਸੋਚਣਾ ਚਾਹੀਦਾ ਹੈ । ਹਰਾਮ ਦੀ ਕਮਾਈ ਬਦਨਾਮੀ ਅਤੇ ਘਬਰਾਹਟ ਦਾ ਕਾਰਨ ਬਣਦੀ ਹੈ ਜਦੋਂ ਕਿ ਲੋਕ ਸੇਵ, ਸੰਤੁਸ਼ਟੀ ਅਤੇ ਅਨੰਦ ਦੀ ਪ੍ਰਾਪਤੀ ਵਿਚ ਸਹਾਈ ਹੁੰਦੀ ਹੈ । ਵਜ਼ੀਰਾਂ ਅਤੇ ਮੈਂਬਰਾਂ ਨੂੰ ਆਪ ਸਾਦਾ ਜੀਵਨ ਜੀਉਣਾ ਚਾਹੀਦਾ ਹੈ ਤਾਂ ਜੋ ਉਹ ਦੂਜਿਆਂ ਲਈ ਆਦਰਸ਼ ਬਣ ਸਕਣ ।







# ਬਾਗਾਂ ਦਾ ਜੈਵਿਕ ਪ੍ਰਮਾਣੀਕਰਣ

ਕੁਲਦੀਪ ਸਿੰਘ ਭੁੱਲਰ ਅਤੇ ਅਮਨਦੀਪ ਸਿੰਘ ਸਿੱਧੂ,
ਸਕੂਲ ਆਫ ਆਰਗੈਨਿਕ ਫਾਰਮਿੰਗ (ਮੋ. 94179-15516)

ਫਲਾਂ ਦੇ ਜੈਵਿਕ ਉਤਪਾਦਨ ਦਾ ਖੇਤਰ ਪਿਛਲੇ ਕੁਝ ਅਰਸੇ ਤੋਂ ਬਹੁਤ ਤੇਜ਼ ਗਤੀ ਨਾਲ ਵਧ ਰਿਹਾ ਹੈ । ਇਸਦਾ ਮੁੱਖ ਕਾਰਨ ਖਪਤਕਾਰਾਂ ਵਿਚ ਸਿਹਤਯਾਬ ਰਹਿਣ ਲਈ ਫਲਾਂ ਵਿਚ ਮੌਜੂਦ ਪੋਸ਼ਕ ਤੱਤਾਂ ਨੂੰ ਦਵਾਈਆਂ ਦਾ ਬਦਲ ਮੰਨਣਾ ਅਤੇ ਕਿਸਾਨਾਂ ਦਾ ਵਧੇਰੇ ਆਮਦਨ ਲੈਣ ਲਈ ਇਸਨੂੰ ਇਕ ਸੰਭਾਵਨਾ ਵੱਜੋਂ ਤਲਾਸ਼ਣਾ ਹੈ । ਬਹੁਤੇ ਲੋਕਾਂ ਨੂੰ ਇਹ ਭੁਲੇਖਾ ਹੈ ਕਿ ਜੈਵਿਕ ਖੇਤੀ ਦਾ ਮਤਲਬ ਸਿਰਫ ਕੁਝ ਸਮੇਂ ਲਈ ਸਿੰਥੈਟਿਕ ਖਾਦਾਂ ਅਤੇ ਖੇਤੀ-ਰਸਾਇਣਾਂ ਦੀ ਵਰਤੋਂ ਤੋਂ ਬਿਨਾਂ ਕੀਤਾ ਉਤਪਾਦਨ ਜੈਵਿਕ ਹੁੰਦਾ ਹੈ । ਦਰਅਸਲ ਜੈਵਿਕ ਖੇਤੀ ਉਤਪਾਦਨ ਦੀ ਕੋਈ ਵਿਧੀ ਨਾ ਹੋਣ ਦੀ ਬਜਾਇ ਅਜਿਹੀ ਪ੍ਰਣਾਲੀ ਹੈ ਜਿਸਦਾ ਮੰਤਵ ਸਿਹਤ, ਵਾਤਾਵਰਣ, ਨਿਰਪੱਖਤਾ ਅਤੇ ਸੁਰੱਖਿਆ ਦੇ ਸਿਧਾਂਤ ਦਾ ਸਤਿਕਾਰ ਕਰਦੇ ਹੋਏ ਰਸਾਇਣਕ ਖਾਦਾਂ ਅਤੇ ਖੇਤੀ ਰਸਾਇਣਾਂ ਦੀ ਵਰਤੋਂ ਕੀਤੇ ਬਿਨਾਂ ਸਥਿਰ ਉਤਪਾਦਕਤਾ ਪ੍ਰਾਪਤ ਕਰਨਾ ਹੈ ਜੋ ਜ਼ਹਿਰਾਂ ਤੋਂ ਮੁਕਤ ਤੇ ਉੱਚ ਗੁਣਵੱਤਾ ਵਾਲੀ ਹੋਵੇ ।



ਇਸ ਜੈਵਿਕ ਉਤਪਾਦਨ ਲਈ ਭਾਰਤ ਦੇ ਵਣਜ ਅਤੇ ਉਦਯੋਗ ਮੰਤਰਾਲੇ ਵੱਲੋਂ ਵਿੱਢੇ ਗਏ ਰਾਸ਼ਟਰੀ ਉਤਪਾਦਨ ਪ੍ਰੋਗਰਾਮ (ਐੱਨ ਪੀ ਓ ਪੀ) ਤਹਿਤ ਕੁੱਝ ਘੱਟੋ-ਘੱਟ ਸ਼ਰਤਾਂ ਦੀ ਪਾਲਣ ਕਰਨਾ ਜ਼ਰੂਰੀ ਹੈ, ਜਿਨ੍ਹਾਂ ਨੂੰ ਜੈਵਿਕ ਮਾਪਦੰਡ ਕਿਹਾ ਜਾਂਦਾ ਹੈ । ਇਨ੍ਹਾਂ ਜੈਵਿਕ ਮਾਪਦੰਡਾਂ ਦਾ ਉਦੇਸ਼ ਵਾਤਾਵਰਣ ਲਈ ਅਨੁਕੂਲ ਤਰੀਕੇ ਨਾਲ ਵਧੀਆ ਗੁਣਵੱਤਾ ਵਾਲੇ ਖੇਤੀ ਉਤਪਾਦ ਪੈਦਾ ਕਰਨਾ ਹੈ । ਇਹਨਾਂ ਮਾਪਦੰਡਾਂ ਦੀ ਪਾਲਣਾ ਕਰਨ ਤੋਂ ਬਾਅਦ ਹੀ ਜੈਵਿਕ ਪ੍ਰਮਾਣੀਕਰਨ ਹੋ ਸਕਦਾ ਹੈ । ਜੈਵਿਕ ਪ੍ਰਮਾਣੀਕਰਨ ਕਰਵਾਉਣ ਦੇ ਕਈ ਲਾਭ ਹੁੰਦੇ ਹਨ ਜਿਵੇਂ ਕਿ ਭੂਗੋਲਿਕ ਵਖਰੇਵਿਆਂ ਕਾਰਨ ਆਮ ਤੌਰ 'ਤੇ ਉਤਪਾਦਕ ਅਤੇ ਖਪਤਕਾਰ ਇਕ ਦੂਸਰੇ ਦੇ ਸਿੱਧੇ ਸੰਪਰਕ ਵਿਚ ਨਹੀਂ ਹੁੰਦੇ ਇਸ ਲਈ ਖਪਤਕਾਰਾਂ ਨੂੰ ਜੈਵਿਕ ਉਤਪਾਦਾਂ ਦੀ ਭਰੋਸੇਯੋਗਤਾ ਲਈ ਕਿਸੇ ਭਰੋਸੇ ਦੀ ਜ਼ਰੂਰਤ ਹੁੰਦੀ ਹੈ । ਜੈਵਿਕ ਪ੍ਰਮਾਣੀਕਰਣ ਇਨ੍ਹਾਂ ਉਤਪਾਦਾਂ ਦੀ ਭਰੋਸੇਯੋਗਤਾ ਦੀ ਗਰੰਟੀ ਪ੍ਰਦਾਨ ਕਰਦਾ ਹੈ ਅਤੇ ਇਹ ਭਰੋਸਾ ਦਵਾਉਂਦਾ ਹੈ ਕਿ ਉਤਪਾਦਨ ਅਤੇ ਪ੍ਰੋਸੈਸਿੰਗ ਦੌਰਾਨ ਵਰਤੀਆਂ ਗਈਆਂ ਤਕਨੀਕਾਂ ਅਤੇ ਵਸਤਾਂ ਜੈਵਿਕ ਮਾਪਦੰਡਾਂ ਉੱਪਰ ਖਰੀਆਂ ਉਤਰਦੀਆਂ ਹਨ । ਇਹ ਖਪਤਕਾਰਾਂ ਵਿਚ ਭਰੋਸੇਯੋਗਤਾ ਪੈਦਾ ਕਰਦਾ ਹੈ ਜਿਸ ਨਾਲ ਉਤਪਾਦਕ ਆਪਣੇ ਉਤਪਾਦਾਂ ਦਾ ਵਧੇਰੇ ਮੁੱਲ ਪ੍ਰਾਪਤ ਕਰ ਸਕਦੇ ਹਨ । ਤੇਜ਼ੀ ਨਾਲ ਵਧ ਰਹੇ ਸਥਾਨਕ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਬਜਾਰਾਂ ਵਿਚ ਪਹੁੰਚ ਅਸਾਨ ਕਰਦਾ ਹੈ । ਇਹ ਸਰਕਾਰ ਵੱਲੋਂ ਵਿੱਤੀ ਅਤੇ ਤਕਨੀਕੀ ਮੱਦਦ ਮਿਲਣ ਵਿਚ ਸਹਾਇਤਾ ਪ੍ਰਦਾਨ ਕਰਦਾ ਹੈ ।

ਜੈਵਿਕ ਪ੍ਰਮਾਣੀਕਰਣ ਕਰਵਾਉਣ ਲਈ ਦੋ ਪ੍ਰਣਾਲੀਆਂ ਤੈਅ ਕੀਤੀਆਂ ਗਈਆਂ ਹਨ : ਤੀਜੀ ਧਿਰ ਦੀ ਗਰੰਟੀ ਪ੍ਰਣਾਲੀ ਅਤੇ ਹਿੱਸੇਦਾਰਾਂ ਦੀ ਗਰੰਟੀ ਦੀ ਪ੍ਰਣਾਲੀ

**1. ਤੀਜੀ ਧਿਰ ਦੀ ਗਰੰਟੀ ਪ੍ਰਣਾਲੀ**

ਇਹ ਪ੍ਰਮਾਣੀਕਰਣ ਭਾਰਤ ਸਰਕਾਰ ਦੇ ਮਹਿਕਮੇ ਅਪੇਡਾ ਤੋਂ ਮਾਨਤਾ ਪ੍ਰਾਪਤ ਪ੍ਰਮਾਣੀਕਰਣ ਏਜੰਸੀਆਂ ਦੁਆਰਾ ਲਾਗੂ ਕੀਤਾ ਜਾਂਦਾ ਹੈ ਅਤੇ ਇਸ ਵਿਚ ਉਤਪਾਦਨ, ਭੰਡਾਰਨ, ਪ੍ਰੋਸੈਸਿੰਗ ਅਤੇ ਢੋਆ-ਢੁਆਈ ਦੇ ਵੱਖ-ਵੱਖ ਪਹਿਲੂਆਂ ਦਾ ਲੇਖਾ-ਜੋਖਾ ਰੱਖਿਆ ਜਾਂਦਾ ਹੈ ਤਾਂ ਜੋ ਖਪਤਕਾਰਾਂ ਤੱਕ ਪਹੁੰਚਣ ਤੱਕ ਜੈਵਿਕ ਉਤਪਾਦਾਂ ਦੀ ਗੁਣਵੱਤਾ ਬਰਕਰਾਰ ਰੱਖੀ ਜਾ ਸਕੇ । ਇਸ ਸਮੇਂ ਭਾਰਤ ਵਿਚ 33 ਪ੍ਰਮਾਣੀਕਰਣ ਏਜੰਸੀਆਂ ਨੂੰ ਮਾਨਤਾ ਦਿੱਤੀ ਗਈ ਹੈ, ਜਿਨ੍ਹਾਂ ਵੇਰਵਾ ਅਪੀਡਾ ਦੀ ਵੈਬਸਾਈਟ https ://apeda.gov.in ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ ।

**ਪ੍ਰਮਾਣੀਕਰਣ ਦੀ ਵਿਧੀ**

★ ਕਿਸਾਨ ਆਪਣੇ ਬਾਗ ਨੂੰ ਪ੍ਰਮਾਣਿਤ ਕਰਵਾਉਣ ਲਈ ਕਿਸੇ ਇਕ ਪ੍ਰਮਾਣੀਕਰਣ ਏਜੰਸੀ ਦੀ ਚੋਣ ਕਰਦਾ ਹੈ ਅਤੇ ਉਸ ਨੂੰ ਬਾਗ ਪ੍ਰਮਾਣਿਤ ਕਰਾਉਣ ਲਈ ਅਰਜ਼ੀ ਦਿੰਦਾ ਹੈ ।

★ ਪ੍ਰਮਾਣੀਕਰਣ ਏਜੰਸੀ ਅਰਜ਼ੀ ਦੀ ਮੁੱਢਲੀ ਘੋਖ ਕਰਨ ਉਪਰੰਤ ਕਿਸਾਨ ਨੂੰ ਪ੍ਰਮਾਣੀਕਰਣ ਦੇ ਅਨੁਮਾਨਿਤ ਖਰਚੇ ਬਾਰੇ ਦੱਸਦੀ ਹੈ ਜੋ ਕਿ ਸਰਕਾਰ ਵੱਲੋਂ ਤੈਅਸ਼ੁਦਾ ਹੁੰਦਾ ਹੈ ਪਰ ਏਜੰਸੀਆਂ ਦੇ ਵਿੱਚ ਇਸ ਖਰਚੇ ਦਾ ਫਰਕ ਹੋ ਸਕਦਾ ਹੈ ।

★ ਜੇਕਰ ਦੱਸੇ ਗਏ ਖਰਚੇ ਬਾਗਬਾਨ ਨੂੰ ਮੰਜ਼ੂਰ ਹੋਣ ਤਾਂ ਉਸਦੇ ਅਤੇ ਪ੍ਰਮਾਣੀਕਰਣ ਏਜੰਸੀ ਦੇ ਵਿਚਕਾਰ ਇਕ ਸਮਝੌਤਾ ਸਹੀਬੱਧ ਕੀਤਾ ਜਾਂਦਾ ਹੈ ।

★ ਪ੍ਰਮਾਣੀਕਰਣ ਏਜੰਸੀ ਕਿਸਾਨ ਤੋਂ ਅੰਦਾਜ਼ਨ ਸਲਾਨਾ ਉਤਪਾਦ ਯੋਜਨਾ ਲੈਂਦੀ ਹੈ ਅਤੇ ਕਿਸਾਨਾਂ ਨੂੰ ਜੈਵਿਕ ਖੇਤੀ ਵਿਚ 'ਕੀ ਕਰ ਸਕਦੇ ਹਨ ਅਤੇ ਕੀ ਨਹੀਂ ਕਰ ਸਕਦੇ' ਬਾਰੇ ਦੱਸਦੀ ਹੈ ।

★ ਕਿਸਾਨ ਪ੍ਰਮਾਣੀਕਰਣ ਏਜੰਸੀ ਨੂੰ ਫੀਸ ਅਦਾ ਕਰਦਾ ਹੈ । ਪ੍ਰਮਾਣੀਕਰਣ ਏਜੰਸੀ ਕਿਸਾਨ ਦੇ ਖੇਤ ਦੇ ਨਿਰਧਾਰਤ / ਅਣਨਿਰਧਾਰਤ ਨਿਰੀਖਣ ਕੀਤੇ ਜਾਂਦੇ ਹਨ ਅਤੇ ਮਿੱਟੀ ਅਤੇ ਉਪਜ ਦੇ ਨਮੂਨੇ ਲਏ ਜਾਂਦੇ ਹਨ ।

★ ਪ੍ਰਮਾਣੀਕਰਣ ਏਜੰਸੀ ਖੇਤ ਤੋਂ ਹੋਣ ਵਾਲੇ ਜੈਵਿਕ ਉਤਪਾਦਨ ਬਾਰੇ ਅਨੁਮਾਨ ਲਗਾਉਂਦੀ ਹੈ । ਏਜੰਸੀ ਦੇ ਨਿਰੀਖਕ ਦੁਆਰਾ ਨਿਰੀਖਣ ਰਿਪੋਰਟ ਏਜੰਸੀ ਨੂੰ ਸੌਂਪੀ ਜਾਂਦੀ ਹੈ ।

★ ਮਾਪਦੰਡਾਂ ਦੀ ਪਾਲਣਾ ਕਰਨ 'ਤੇ ਬਾਗ ਦੇ ਉਤਪਾਦ ਨੂੰ ਜੈਵਿਕ ਪ੍ਰਮਾਣੀਕਰਣ ਦਾ ਸਰਟੀਫਿਕੇਟ ਦੇ ਦਿੱਤਾ ਜਾਂਦਾ ਹੈ ।

**ਸਮੂਹਿਕ ਪ੍ਰਮਾਣੀਕਰਣ** : ਪ੍ਰਮਾਣੀਕਰਣ ਦੀ ਤੀਜੀ ਧਿਰ ਵਾਲੀ ਪ੍ਰਣਾਲੀ ਦੇ ਖਰਚੇ ਕਿਸੇ ਇਕ ਕਿਸਾਨ ਨੂੰ ਮਹਿੰਗੇ ਲੱਗਦੇ ਹਨ ਸੋ ਇਹਨਾਂ ਖਰਚਿਆਂ ਨੂੰ ਘਟਾਉਣ ਲਈ ਕਿਸਾਨਾਂ ਦੀ ਗਿਣਤੀ ਵਧਾ ਕੇ ''ਸਮੂਹ ਪ੍ਰਮਾਣੀਕਰਣ'' ਵੀ ਵਿਵਸਥਾ ਕੀਤੀ ਗਈ ਹੈ । ਸਮੂਹ ਪ੍ਰਮਾਣੀਕਰਣ ਵਿਚ ਨੇੜੇ ਦੇ ਇਲਾਕਿਆਂ ਦੇ ਕਿਸਾਨ ਇਕ ਸਮੂਹ ਬਣਾਉਂਦੇ ਹਨ ਅਤੇ ਉਪਰੋਕਤ ਅਨੁਸਾਰ ਹੀ ਕਿਸੇ ਏਜੰਸੀ ਨਾਲ ਰਾਬਤਾ ਕਰਦੇ ਹਨ । ਰਿਕਾਰਡ ਸਾਂਭਣ ਲਈ ਸਮੂਹ ਦੁਆਰਾ ਇੱਕ ਅੰਦਰੂਨੀ ਨਿਯੰਤਰਣ ਪ੍ਰਣਾਲੀ (ਆਈ ਸੀ ਐੱਸ) ਸਥਾਪਤ ਕੀਤੀ ਜਾਂਦੀ ਹੈ ਅਤੇ ਪ੍ਰਮਾਣੀਕਰਣ ਦਾ ਖਰਚਾ ਸਮੂਹ ਦੇ ਕਿਸਾਨ ਆਪਸ ਵਿਚ ਵੰਡ ਲੈਂਦੇ ਹਨ । ਬਾਕੀ ਉਤਪਾਦਨ ਅਤੇ ਜਾਂਚ ਦੇ ਤਰੀਕੇ ਉਪਰੋਕਤ ਅਨੁਸਾਰ ਹੀ ਰਹਿੰਦੇ ਹਨ । ਇਸ ਵਿਚ ਪ੍ਰਮਾਣੀਕਰਣ ਇਕੱਲੇ ਇਕੱਲੇ ਕਿਸਾਨ ਦੀ ਬਜਾਇ ਸਮੂਹ ਨੂੰ ਦਿੱਤਾ ਜਾਂਦਾ ਹੈ । ਇਸ ਪ੍ਰਮਾਣੀਕਰਣ ਲਈ ਪੰਜਾਬ ਐਗਰੋ ਦਾ ਸਹਿਯੋਗ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ ।

**2. ਹਿੱਸੇਦਾਰ ਗਰੰਟੀ ਪ੍ਰਣਾਲੀ (ਪੀ ਜੀ ਐੱਸ)**

ਪੀ ਜੀ ਐੱਸ ਇੰਡੀਆ (ਭਾਰਤ ਦੀ ਹਿੱਸੇਦਾਰੀ ਗਰੰਟੀ ਪ੍ਰਣਾਲੀ) ਗੁਣਵੱਤਾ ਦੀ ਭਰੋਸੇਯੋਗਤਾ ਦੀ ਪਹਿਲਕਦਮੀ ਹੈ ਜੋ ਸਥਾਨਕ ਤੌਰ 'ਤੇ ਢੁਕਵੀਂ ਹੈ । ਇਹ ਉਤਪਾਦਕਾਂ ਅਤੇ ਖਪਤਕਾਰਾਂ ਦੀ ਹਿੱਸੇਦਾਰੀ 'ਤੇ ਜ਼ੋਰ ਦਿੰਦੀ ਹੈ ਅਤੇ ਤੀਜੀ ਧਿਰ ਦੇ ਪ੍ਰਮਾਣੀਕਰਨ ਦੇ ਫਰੇਮ ਤੋਂ ਬਾਹਰ ਕੰਮ ਕਰਦੀ ਹੈ । ਇਸ ਪ੍ਰਣਾਲੀ ਵਿਚ ਨੇੜਲੇ ਖੇਤਰ ਦੇ ਕਿਸਾਨ ਇੱਕ ਦੂਜੇ ਦੇ ਉਤਪਾਦਨ ਦੇ ਤਰੀਕਿਆਂ ਦਾ ਮੁਲਾਂਕਣ ਕਰਨ, ਜਾਂਚ ਕਰਨ ਅਤੇ ਤਸਦੀਕ ਕਰਨ ਲਈ ਇਕ ਸਮੂਹ ਬਣਾਉਂਦੇ ਹਨ ਅਤੇ ਇਹ ਕਿਸਾਨ ਮਿਲ ਕੇ ਇਸ ਸਮੂਹ ਨੂੰ ਜੈਵਿਕ ਘੋਸ਼ਿਤ ਕਰਦੇ ਹਨ । ਇਕ ਸਮੂਹ ਬਣਾਉਣ ਲਈ ਇੱਕੋ ਜਾਂ ਨੇੜਲੇ ਪਿੰਡਾਂ ਦੇ ਘੱਟੋ-ਘੱਟ ਮੈਂਬਰਾਂ ਦੀ ਲੋੜ ਹੁੰਦੀ ਹੈ ਅਤੇ ਆਪਣੇ ਸਮੂਹ ਨੂੰ ਜੈਵਿਕ ਖੇਤੀ ਦੇ ਰਾਸ਼ਟਰੀ ਕੇਂਦਰ (ਐੱਨ ਸੀ ਓ ਐੱਫ) ਗਾਜ਼ੀਆਬਾਦ ਨਾਲ ਦਰਜ ਕਰਵਾਉਂਦੇ ਹਨ । ਇਹ ਕੇਂਦਰ ਸਮੂਹ ਦੇ ਅੰਕੜਿਆਂ, ਨੀਤੀਆਂ ਅਤੇ ਦਿਸ਼ਾ-ਨਿਰਦੇਸ਼ਾਂ ਨੂੰ ਪਰਿਭਾਸ਼ਿਤ ਕਰਦਾ ਹੈ ਅਤੇ ਖੇਤ ਨਿਗਰਾਨੀ ਅਤੇ ਉਤਪਾਦਾਂ ਦਾ ਨਿਰੀਖਣ ਕਰਦਾ ਹੈ । ਖੇਤਰੀ ਸਭਾਵਾਂ (ਰਿਜ਼ਨਲ ਕਾਂਉਸਲ) ਅਤੇ ਸੁਵਿਧਾਜਨਕ ਏਜੰਸੀਆਂ ਕਿਸਾਨ ਸਮੂਹਾਂ ਦੀ ਸਮਰੱਥਾ ਵਧਾਉਣ, ਸਿਖਲਾਈ, ਤਕਨੀਕੀ ਜਾਣਕਾਰੀ ਅਤੇ ਪੀ ਜੀ ਐੱਸ ਦੀ ਵੈਬਸਾਈਟ ਤੇ ਡਾਟਾ ਅਪਲੋਡ ਕਰਨ ਵਿਚ ਸਹਾਇਤਾ ਕਰਦੀਆਂ ਹਨ । ਸਮੂਹ ਦੇ ਮੈਂਬਰ ਪੀ ਜੀ ਐੱਸ ਦੇ ਨਿਯਮਾਂ, ਸਿਧਾਂਤਾਂ ਅਤੇ ਮਾਪਦੰਡਾਂ ਦੀ ਪਾਲਣਾ ਕਰਨ ਲਈ ਲਿਖਤੀ ਰੂਪ ਵਿਚ ਵਚਨਬੱਧ ਹੁੰਦੇ ਹਨ । ਸਾਰੇ ਮੈਂਬਰਾਂ ਨੂੰ ਸਮੂਹ ਵਿਚ ਸ਼ਾਮਲ ਹੋਣ ਉਪਰੰਤ 24 ਮਹੀਨਿਆਂ ਦੇ ਅੰਦਰ-ਅੰਦਰ ਆਪਣਾ ਸਾਰਾ ਫਾਰਮ ਸਮੇਤ ਪਸ਼ੂਆਂ ਜੈਵਿਕ ਪ੍ਰਬੰਧਨ ਦੇ ਅਧੀਨ ਲਿਆਉਣਾ ਹੁੰਦਾ ਹੈ । ਸਮੂਹ ਆਪਣੇ-ਆਪ ਨੂੰ ਸਥਾਨਕ ਖੇਤਰੀ ਸਭਾ (ਰਿਜ਼ਨਲ ਕਾਊਂਸਲ) ਕੋਲ ਰਜਿਸਟਰ ਕਰਵਾਉਂਦਾ ਹੈ ਅਤੇ ਪੀ ਜੀ ਐੱਸ ਦੀ ਵੈਬਸਾਈਟ ਤੇ ਡਾਟਾ ਅਪਲੋਡ ਕਰਨ ਲਈ ਜ਼ਰੂਰੀ ਉਪਭੋਗਤਾ ਆਈ ਡੀ ਅਤੇ ਪਾਸਵਰਡ ਪ੍ਰਾਪਤ ਕਰਦਾ ਹੈ ।

ਇਸ ਪ੍ਰਮਾਣੀਕਰਣ ਲਈ ਸਿਰਫ ਮੁੱਢਲੇ ਦਸਤਾਵੇਜ਼ਾਂ ਦੀ ਜ਼ਰੂਰਤ ਹੁੰਦੀ ਹੈ ਅਤੇ ਇਹ ਪ੍ਰਮਾਣੀਕਰਣ ਦੀ ਇੱਕ ਘੱਟ ਲਾਗਤ ਵਾਲੀ ਪ੍ਰਣਾਲੀ ਹੈ । ਪਰ ਇਹ ਪ੍ਰਮਾਣੀਕਰਣ ਸਿਰਫ ਦੇਸ਼ ਅੰਦਰ ਘਰੇਲੂ ਮੰਡੀ ਲਈ ਯੋਗ ਹੁੰਦਾ ਹੈ । ਇਸ ਵਿਚ ਹਰ ਕਿਸਾਨ ਨੂੰ ਵਿਅਕਤੀਗਤੀ ਪ੍ਰਮਾਣ ਪੱਤਰ ਮਿਲਦਾ ਹੈ । ਬਦਲਾਅ ਸਮੇਂ ਦੇ ਦੌਰਾਨ ਪੈਦਾਵਾਰ ਨੂੰ ''ਪੀ ਜੀ ਐੱਸ-ਗ੍ਰੀਨ'' ਲੋਗੋ ਮਿਲਦਾ ਹੈ ਅਤੇ ਮਾਪਦੰਡਾਂ ਦੀ ਪੂਰੀ ਪਾਲਣ ਅਤੇ ਬਦਲਾਅ ਸਮੇਂ ਦੇ ਬਾਅਦ ''ਪੀ ਜੀ ਐੱਸ-ਆਰਗੈਨਿਕ'' ਲੋਗੋ ਪ੍ਰਾਪਤ ਹੁੰਦਾ ਹੈ । ਸਕੀਮ ਬਾਰੇ ਵਧੇਰੇ ਜਾਣਕਾਰੀ http://ncof.dacnet.nic.in/ ਵੈਬਸਾਈਟ ਤੋਂ ਲਈ ਜਾ ਸਕਦੀ ਹੈ ।

# ਵੰਨ-ਸੁਵੰਨੀਆਂ ਮਹਿਕਾਂ ਤੇ ਸੁਆਦ ਦਾ ਖਜ਼ਾਨਾ ਹੈ 'ਇਨਾਮੀ ਬਾਗ'

ਭਾਵੇਂ ਪੰਜਾਬ ਦੀਆਂ ਫਲ ਤੇ ਸਬਜ਼ੀਆਂ ਮੰਡੀਆਂ ਵਿਚ ਹਾੜ੍ਹ-ਸਾਉਣ ਦੀ ਰੁੱਤੇ ਵੱਖ-ਵੱਖ ਕਿਸਮ ਦੇ ਦੇਸੀ ਤੇ ਦੁਸਹਿਰੀ ਕਿਸਮ ਦੇ ਅੰਬਾਂ ਦੀ ਕੋਈ ਕਮੀ ਨਹੀਂ ਦੇਖਣ ਨੂੰ ਮਿਲਦੀ ਪਰ ਅੰਬਾਂ ਬਾਰੇ ਬਰੀਕ ਸਮਝ ਰੱਖਣ ਵਾਲੇ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ ਕਿ ਪੰਜਾਬ ਦੀਆਂ ਦੇਸੀ ਕਿਸਮਾਂ ਜਿਨ੍ਹਾਂ ਵਿਚ ਇਨਾਮੀ ਅੰਬ, ਇਨਾਮੀ ਛੱਲੀ, ਸੰਧੂਰੀ ਛੱਲੀ, ਛੋਟਾ ਸੰਧੂਰੀ, ਪੀਲਾ ਸੰਧੂਰੀ, ਆਂਡਾ, ਬੇਰ, ਗੋਲਾ, ਬੱਡ, ਕੰਘੀ, ਕਿਤਾਬੀ ਅੰਬ, ਸੌਂਫੀ, ਸੰਧੂਰੀ, ਸਫੈਦਾ, ਆੜੂ, ਲੱਡੂ ਆਦਿ ਕਿਸਮਾਂ ਦੇ ਦੇਸੀ ਅੰਬਾਂ ਦੀ ਖਾਸੀਅਤ ਕੀ ਹੁੰਦੀ ਹੈ ।

ਭਾਵੇਂ ਕਿ ਪੰਜਾਬ ਦੇ ਬਹੁਤੇ ਇਲਾਕਿਆਂ 'ਚੋਂ ਅੰਬਾਂ ਦੀਆਂ ਅਜਿਹੀਆਂ ਦੇਸੀ ਕਿਸਮਾਂ, ਪੂਰੀ ਤਰ੍ਹਾਂ ਅਲੋਪ ਹੋ ਚੁੱਕੀਆਂ ਹਨ ਪਰ ਹੁਸ਼ਿਆਰਪੁਰ ਦੇ ਕਸਬਾ ਹਰਿਆਣਾ ਕੋਲ ਪੈਂਦੇ ਪਿੰਡ ਬੱਸੀ ਉਮਰ ਖਾਨ ਵਿਖੇ ਕਈ ਦਹਾਕੇ ਪੁਰਾਣੇ 'ਇਨਾਮੀ ਬਾਗ' ਵਿਚ ਪੰਜਾਬ ਦੀਆਂ ਦੇਸੀ ਤੇ ਰਵਾਇਤੀ ਕਿਸਮਾਂ ਦੇ ਅੰਬਾਂ ਦੀ ਮਹਿਕ ਦੇ ਜਲਵੇ ਦੇਖਣ ਨੂੰ ਮਿਲਦੇ ਹਨ । 'ਇਨਾਮੀ ਬਾਗ' ਦੇ ਫਲਾਂ ਦਾ ਰੱਖ-ਰਖਾਅ ਕਰ ਰਹੇ ਸੁਖਦੇਵ ਸਿੰਘ ਤੇ ਉਨ੍ਹਾਂ ਦੇ ਪੁੱਤਰ ਗੁਰਪ੍ਰੀਤ ਸਿੰਘ ਭਲਵਾਨ ਨੇ ਦੱਸਿਆ ਕਿ ਬਾਗ ਵਿਚ ਅਜੇ ਵੀ 150 ਤੋਂ ਵੱਧ ਦੇਸੀ ਕਿਸਮ ਦੇ ਅੰਬ ਮੌਜੂਦ ਹਨ, ਜਿਨ੍ਹਾਂ ਦੇ ਨਾਂ ਫਲਾਂ ਦੇ ਆਕਾਰ, ਰੰਗ-ਰੂਪ ਤੇ ਸੁਆਦ ਦੇ ਮੁਤਾਬਿਕ ਪੀੜ੍ਹੀ ਦਰ ਪੀੜ੍ਹੀ ਇਸੇ ਤਰ੍ਹਾਂ ਚੱਲ ਰਹੇ ਹਨ । ਉਨ੍ਹਾਂ ਦੱਸਿਆ ਕਿ ਇਨਾਮੀ ਬਾਗ ਸਭ ਤੋਂ ਮਸ਼ਹੂਰ ਆਪਣੇ ਲਾਜੁਆਬ ਸੁਆਦ ਤੇ ਦਿਲ ਟੁੰਬਵੀਂ ਮਹਿਕ ਕਰਕੇ ਰਾਜੇ-ਮਹਾਰਾਜਿਆਂ ਦੇ ਦਰਬਾਰ ਤੋਂ ਇਨਾਮ ਜਿੱਤਦਾ ਰਿਹਾ ਹੈ ਤੇ ਅੱਜ ਵੀ ਆਪਣੇ ਸੁਆਦ ਤੇ ਮਹਿਕ ਸਦਕਾ ਅੰਬਾਂ ਦੇ ਸ਼ੌਕੀਨਾਂ ਨੂੰ ਕੀਲ ਲੈਣ ਦੀ ਤਾਕਤ ਰੱਖਦਾ ਹੈ ਅਤੇ ਕੁਦਰਤ ਪ੍ਰੇਮੀ ਨੂੰ ਆਪਣੇ ਵੱਲ ਖਿੱਚਣ ਦੀ ਸਮਰੱਥਾ ਰੱਖਦੀਆਂ ਹਨ । ਕਿਤਾਬੀ ਅੰਬ ਦੀ ਸ਼ਕਲ ਕਿਤਾਬਾਂ ਵਿਚ ਛਪੇ ਅੰਬ ਵਰਗੀ ਹੋਣ ਕਰ ਕੇ ਇਸ ਨੂੰ ਕਿਤਾਬੀ ਅੰਬ ਹੋਣ ਦਾ ਖਿਤਾਬ ਦਿੱਤਾ ਗਿਆ ਹੈ । ਇਨਾਮੀ ਬਾਗ ਦੇ ਠੇਕੇਦਾਰਾਂ ਨੂੰ ਆਪਣੀ ਜਿਣਸ ਵੇਚਣ ਲਈ ਕਿਸੇ ਮੰਡੀ 'ਚ ਨਹੀਂ ਜਾਣਾ ਪੈਂਦਾ, ਸਗੋਂ ਅੰਬਾਂ ਦੇ ਸਾਰੇ ਸੀਜ਼ਨ ਦੌਰਨ ਅੰਬਾਂ ਦੇ ਸ਼ੌਕੀਨਾਂ ਵੱਲੋਂ ਫਲ ਦੀ ਅਗੇਤੀ ਬੁਕਿੰਗ ਚਲਦੀ ਰਹਿੰਦੀ ਹੈ ।

## ਅੰਬਾਂ ਦਾ ਸਵਾਦ ਮਾਨਣ ਵਾਲਿਆਂ ਦੀ ਗਿਣਤੀ 'ਚ ਕੋਈ ਕਮੀ ਨਹੀਂ ਆਈ : ਵਰਿੰਦਰ ਸਿੰਘ ਨਿਮਾਣਾ

ਹੁਸ਼ਿਆਰਪੁਰ ਦੇ ਵੱਖ-ਵੱਖ ਇਲਾਕਿਆਂ ਵਿਚ ਅੰਬਾਂ ਦੀਆਂ ਵੱਖ-ਵੱਖ ਕਿਸਮਾਂ ਦੇ ਪੌਦੇ ਲਾਉਣ ਦੀ ਮੁਹਿੰਮ ਚਲਾ ਰਹੇ ਪੰਜਾਬੀ ਵਿਕਾਸ ਮੰਚ ਹਰਿਆਣਾ ਦੇ ਬੁਲਾਰੇ ਤੇ ਪੰਜਾਬੀ ਲੇਖਕ ਵਰਿੰਦਰ ਸਿੰਘ ਨਿਮਾਣਾ ਨੇ ਦੱਸਿਆ ਕਿ ਇਨਾਮੀ ਬਾਗ ਬਾਰੇ ਡਾ. ਮਹਿੰਦਰ ਸਿੰਘ ਰੰਧਾਵਾ ਦੇ ਉਹ ਕਥਨ 'ਸਾਡੇ ਹੁਸ਼ਿਆਰਪੁਰੀਆਂ ਦੀ ਬਹਿਸ਼ਤ ਵਿਚ ਤਾਂ ਮਿੱਠੇ ਅੰਬ ਹੀ ਹਨ ਤੇ ਇਨ੍ਹਾਂ ਨੂੰ ਕਿਹੜੀ ਚੀਜ਼ ਮਾਤ ਕਰ ਸਕਦੀ ਹੈ' ਸੱਚ ਹੁੰਦੇ ਦਿਖਾਈ ਦਿੰਦੇ ਹਨ । ਨਿਮਾਣਾ ਨੇ ਕਿਹਾ ਕਿ ਭਾਵੇਂ 'ਇਨਾਮੀ ਬਾਗ' ਸੁਆਦੀ ਅੰਬਾਂ ਦੇ ਰਾਜੇ ਮਹਾਰਾਜੇ ਤੇ ਅੰਗਰੇਜ਼ ਅਫਸਰ ਕਾਇਲ ਰਹੇ ਹਨ ਪਰ ਹੁਣ ਵੀ ਇਸ ਬਾਗ ਦੇ ਦੇਸੀ ਅੰਬਾਂ ਦੇ ਸੁਆਦ ਨੂੰ ਮਾਨਣ ਵਾਲਿਆਂ ਦੀ ਗਿਣਤੀ ਵਿਚ ਕੋਈ ਕਮੀ ਨਹੀਂ ਆਈ ਹੈ ।






# ਨਰਮੇ ਦੀ ਫਸਲ ਤੋਂ ਵਧੇਰੇ ਝਾੜ ਲੈਣ ਲਈ ਜ਼ਰੂਰੀ ਨੁਕਤੇ

ਬੂਟੇ ਵਿਰਲੇ ਕਰਨ ਸਮੇਂ ਅਤੇ ਫੁੱਲ ਨਿਕਲਣ ਸਮੇਂ 10 ਬੂਟਿਆਂ ਦੇ ਉਪਰੋਂ ਪੂਰੇ ਵਿਕਸਿਤ ਹੋਏ ਪਹਿਲੇ ਪੱਤੇ ਦਾ ਰੰਗ ਬੂਟੇ ਨਾਲੋਂ ਬਿਨਾਂ ਪੀ ਏ



ਯੂ-ਪੱਤਾ ਰੰਗ ਚਾਰਟ ਨਾਲ ਆਪਣੇ ਪਰਛਾਵੇਂ ਵਿਚ ਮਿਲਾਓ ।

ਨੋਟ : ਪੱਤਾ ਰੰਗ ਚਾਰਟ ਨਾਲ ਰੰਗ ਮਿਲਾਉਣ ਨਹੀ ਚੁਣੇ ਬੂਟਿਆਂ ਉੱਪਰ ਬਿਮਾਰੀ/ਕੀੜਿਆਂ ਦਾ ਹਮਲਾ, ਪਾਣੀ ਦੀ ਔੜ ਜਾਂ ਹੋਰ ਖੁਰਾਕੀ ਤੱਤਾਂ ਦੀ ਘਾਟ ਨਹੀਂ ਹੋਣੀ ਚਾਹੀਦੀ । ਸਿੰਚਾਈ ਅਤੇ ਹੋਰ ਖੁਰਾਕੀ ਤੱਤਾਂ ਦੀ ਵਰਤੋਂ ਸਿਫਾਰਸ਼ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ ।

ਪੱਤਾ ਰੰਗ ਚਾਰਟ ਪੀ ਏ ਯੂ ਦੀ ਬੀਜਾਂ ਦੀ ਦੁਕਾਨ ਗੇਟ ਨੰ. 1 ਅਤੇ ਵੱਖੋ-ਵੱਖਰੇ ਜ਼ਿਲ੍ਹਿਆਂ ਵਿਚ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰਾਂ ਤੋਂ ਮਿਲਦਾ ਹੈ ।

**ਸਹੀ ਸਮੇਂ ਤੇ ਨਰਮੇ ਦੀ ਫਸਲ ਤੋਂ ਵੱਧ ਝਾੜ**

ਨਰਮੇ ਦੀ ਫਸਲ ਤੋਂ ਵੱਧ ਝਾੜ ਲੈਣ ਲਈ 2% ਪੋਟਾਸ਼ੀਅਮ ਨਾਈਟ੍ਰੇਟ (13:0:45) ਦਾ ਫੁੱਲਾਂ ਦੇ ਸ਼ੁਰੂ ਹੋਣ ਤੋਂ ਲੈ ਕੇ ਇਕ ਹਫਤੇ ਦੇ ਵਕਫੇ ਤੇ



# ਸੁਤੰਤਰਤਾ ਦਿਵਸ

## ਦੀਆਂ ਲੱਖ-ਲੱਖ ਵਧਾਈਆਂ

ਹਰ ਸੁਤੰਤਰਤਾ ਦਿਵਸ 'ਤੇ ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਸ਼ਹੀਦ ਭਗਤ ਸਿੰਘ ਜੀ ਦੇ ਸੁਪਨਿਆਂ ਦਾ ਭਾਰਤ ਬਣਾਉਣ ਦਾ ਪ੍ਰਣ ਲੈਂਦੀ ਹੈ ਅਤੇ ਉਹਨਾਂ ਨੂੰ ਇੱਕ-ਇੱਕ ਕਰਕੇ ਪੂਰਾ ਕਰ ਰਹੀ ਹੈ

## ਹੁਣ ਤੱਕ ਚੁੱਕੇ ਗਏ ਕ੍ਰਾਂਤੀਕਾਰੀ ਕਦਮ

- 90% ਘਰਾਂ ਦਾ ਜ਼ੀਰੋ ਬਿਜਲੀ ਬਿੱਲ
- 842 ਆਮ ਆਦਮੀ ਕਲੀਨਿਕਾਂ ਦੀ ਸ਼ੁਰੂਆਤ, 1.7 ਕਰੋੜ ਲਾਭਪਾਤਰੀ
- 118 ਨਵੇਂ ਸਕੂਲ ਆਫ਼ ਐਮੀਨੈਂਸ ਦੀ ਸ਼ੁਰੂਆਤ
- ਕਿਸਾਨਾਂ ਨੂੰ ਪ੍ਰਤੀ ਏਕੜ ₹1,500 ਦੀ ਆਰਥਿਕ ਸਹਾਇਤਾ
- ਹੁਣ ਤੱਕ ₹74,447 ਕਰੋੜ ਦੇ ਨਿਵੇਸ਼ ਨਾਲ 2.77 ਲੱਖ ਤੋਂ ਜ਼ਿਆਦਾ ਰੋਜ਼ਗਾਰ

## ਅਸਲ ਆਜ਼ਾਦੀ ਦੀ ਸ਼ੁਰੂਆਤ ਪੰਜਾਬ ਤੋਂ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ




4 ਵਾਰ ਛਿੜਕਾਅ ਕਰੋ ।

ਬੀ ਟੀ ਨਰਮੇਂ ਵਿਚ ਪੱਤਿਆਂ ਦੀ ਲਾਲੀ ਦੀ ਰੋਕਥਾਮ ਲਈ 1 ਪ੍ਰਤੀਸ਼ਤ ਮੈਗਨੀਸ਼ੀਅਮ ਸਲਫੇਟ (ਇਕ ਕਿਲੋ ਮੈਗਨੀਸ਼ੀਅਮ ਸਲਫੇਟ ਨੂੰ 100 ਲਿਟਰ ਪਾਣੀ ਪ੍ਰਤੀ ਏਕੜ ਵਿਚ ਘੋਲਣ ਉਪਰੰਤ) ਦੇ ਦੋ ਸਪਰੇਅ 15 ਦਿਨਾਂ ਦੇ ਵਕਫੇ ਤੇ ਫੁੱਲਡੋਡੀ ਪੈਣ ਅਤੇ ਟੀਡੇ ਬਣਨ ਵੇਲੇ ਕੀਤੀ ਜਾ ਸਕਦੀ ਹੈ। ਇਸ ਨਾਲ ਝਾੜ ਵੀ ਵਧਦਾ ਹੈ।

**ਬੂਟਿਆਂ ਦੇ ਅਣਚਾਹੇ ਵਾਧੇ ਨੂੰ ਰੋਕਣਾ** : ਭਾਰੀਆਂ ਜ਼ਮੀਨਾਂ ਵਿਚ ਬਰਸਾਤ ਦੌਰਾਨ ਨਰਮਾ ਲੋੜ ਤੋਂ ਜ਼ਿਆਦਾ ਵੱਧ ਜਾਂਦਾ ਹੈ । ਸੰਘਣੀ ਛਤਰੀ ਵਿਚ ਸੂਰਜ ਦੀ ਰੋਸ਼ਨੀ ਨਾ ਪਹੁੰਚਣ ਕਾਰਨ ਫੁੱਲ-ਡੋਡੀਆਂ, ਫੁੱਲ ਅਤੇ ਛੋਟੇ ਟੀਡੇ ਝੜਨ ਕਰਕੇ ਝਾੜ ਘੱਟ ਜਾਂਦਾ ਹੈ । ਅਜਿਹੀਆਂ ਜ਼ਮੀਨਾਂ ਵਿਚ ਬੂਟਿਆਂ ਦੇ ਅਣਚਾਹੇ ਵਾਧੇ ਨੂੰ ਰੋਕਣ ਲਈ 300 ਮਿਲੀਲਿਟਰ ਪ੍ਰਤੀ ਏਕੜ ਚਮਤਕਾਰ (ਮੈਪੀਕੁਐਟ ਕਲੋਰਾਈਡ 5%) ਦੇ 80-100 ਲਿਟਰ ਪਾਣੀ ਵਿਚ ਘੋਲ ਕੇ ਦੋ ਸਪਰੇਅ ਬਿਜਾਈ ਤੋਂ 60 ਅਤੇ 75 ਦਿਨਾਂ ਮਗਰੋਂ ਕਰੋ ।

**ਸੈਲੀਸਿਲਕ ਐਸਿਡ ਨਾਲ ਔੜ ਪ੍ਰਬੰਧਨ** : ਅਚਾਨਕ ਨਹਿਰੀ ਬੰਦੀ ਜਾਂ ਮੀਂਹ ਨਾ ਪੈਣ ਕਾਰਨ ਲਗੀ ਔੜ ਨਾਲ ਨਰਮੇ ਦੇ ਝਾੜ ਦੇ ਨੁਕਸਾਨ ਨੂੰ ਘੱਟ ਕਰਨ ਲਈ ਔੜ ਸਮੇਂ ਪ੍ਰਤੀ ਏਕੜ 12.5 ਗ੍ਰਾਮ ਸੈਲੀਸਿਲਕ ਐਸਿਡ ਨੂੰ 375 ਮਿਲੀਲਿਟਰ ਈਥਾਈਲ ਅਲਕੋਹਲ ਵਿਚ ਘੋਲਣ ਉਪਰੰਤ 125 ਲੀਟਰ ਪਾਣੀ ਵਿਚ ਮਿਲਾ ਕੇ ਛਿੜਕਾਅ ਕਰੋ ।

**ਸਾਵਧਾਨੀ** : ਸੇਂਜੂ ਹਾਲਤਾਂ ਦੌਰਾਨ ਇਸ ਸਪਰੇ ਨਾਲ ਝਾੜ ਵਿਚ ਵਾਧਾ ਹੋਣ ਦੀ ਉਮੀਦ ਨਹੀਂ ਹੈ ।


**ਵਿਜੈ ਕੁਮਾਰ ਅਤੇ ਮਨਪ੍ਰੀਤ ਸਿੰਘ, ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ**

ਮੋ. 97794-51214

# ਆਜ਼ਾਦੀ ਦਿਹਾੜੇ ’ਤੇ ਸੰਦੇਸ਼

ਸਾਡੇ ਦੇਸ਼ ਦੀ ਆਜ਼ਾਦੀ ਦੇ 77 ਸਾਲ ਪੂਰੇ ਹੋਣ ਦੇ ਇਤਿਹਾਸਕ ਮੌਕੇ ‘ਤੇ ਮੈਂ ਭਾਰਤ ਦੇ ਲੋਕਾਂ ਖਾਸ ਕਰਕੇ ਪੰਜਾਬ ਅਤੇ ਚੰਡੀਗੜ੍ਹ ਦੇ ਲੋਕਾਂ ਨੂੰ ਤਹਿ ਦਿਲੋਂ ਵਧਾਈ ਦਿੰਦਾ ਹਾਂ।

ਅੱਜ ਅਸੀਂ ਉਨ੍ਹਾਂ ਸਾਰੇ ਦੇਸ਼ਭਗਤਾਂ ਅਤੇ ਆਗੂਆਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇਸ਼ ਦੀ ਆਜ਼ਾਦੀ ਦੇ ਲੇਖੇ ਲਾ ਦਿੱਤੀ। ਰਾਸ਼ਟਰਪਿਤਾ ਮਹਾਤਮਾ ਗਾਂਧੀ, ਡਾਕਟਰ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ, ਨੇਤਾ ਜੀ ਸੁਭਾਸ਼ ਚੰਦਰ ਬੋਸ, ਸਰਦਾਰ ਵੱਲਭ ਭਾਈ ਪਟੇਲ, ਬਾਲ ਗੰਗਾਧਰ ਤਿਲਕ ਅਤੇ ਕਰੋੜਾਂ ਭਾਰਤੀਆਂ ਨੇ ਭਾਰਤ ਦੀ ਆਜ਼ਾਦੀ ਦੀ ਪ੍ਰਾਪਤੀ ਵਿੱਚ ਅਹਿਮ ਯੋਗਦਾਨ ਪਾਇਆ ਸੀ। ਇਸ ਦੇ ਨਾਲ ਹੀ ਅਸੀਂ ਆਪਣੀਆਂ ਹਥਿਆਰਬੰਦ ਸੈਨਾਵਾਂ ਦੇ ਬਹਾਦਰ ਜਵਾਨਾਂ ਨੂੰ ਵੀ ਸ਼ਰਧਾਂਜਲੀ ਭੇਟ ਕਰਦੇ ਹਾਂ, ਜਿਨ੍ਹਾਂ ਨੇ ਸਾਡੇ ਦੇਸ਼ ਦੀ ਅਖੰਡਤਾ ਅਤੇ ਸਰਹੱਦਾਂ ਦੀ ਰਾਖੀ ਕਰਦਿਆਂ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ।


ਦੇਸ਼ ਦੀ ਅਜ਼ਾਦੀ ਲਈ ਪੰਜਾਬ ਵੱਲੋਂ ਪਾਏ ਗਏ ਯੋਗਦਾਨ ਦੇ ਬਰਾਬਰ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚ ਹੋਰ ਕਿਤੇ ਨਹੀਂ ਮਿਲਦੀ। ਮਹਾਨ ਸ਼ਹੀਦਾਂ ਸ਼ਹੀਦ ਭਗਤ ਸਿੰਘ, ਲਾਲਾ ਲਾਜਪਤ ਰਾਏ, ਸ਼ਹੀਦ ਊਧਮ ਸਿੰਘ, ਕਰਤਾਰ ਸਿੰਘ ਸਰਾਭਾ, ਦੀਵਾਨ ਸਿੰਘ ਕਾਲੇਪਾਨੀ ਅਤੇ ਹੋਰ ਅਨੇਕਾਂ ਦੇਸ਼ਭਗਤ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਖ਼ਾਤਰ ਆਪਣੇ ਖ਼ੂਨ ਦੀ ਇੱਕ-ਇੱਕ ਬੂੰਦ ਵਹਾਈ, ਜੇਲ੍ਹਾਂ ਕੱਟੀਆਂ, ਉਹ ਸਾਡੇ ਸਾਰਿਆਂ ਲਈ ਅਮੀਰ ਵਿਰਾਸਤ ਛੱਡ ਕੇ ਗਏ ਹਨ, ਜੋ ਭਾਰਤ ਦੀ ਸ਼ਾਨ ਅਤੇ ਆਜ਼ਾਦੀ ਨੂੰ ਸੁਰੱਖਿਅਤ ਰੱਖਣ ਲਈ ਦ੍ਰਿੜ ਵਚਨਬੱਧਤਾ ਦੇ ਨਾਲ ਨਾਲ ਮਾਤ ਭੂਮੀ ਲਈ ਅਥਾਹ ਪਿਆਰ ਅਤੇ ਸਤਿਕਾਰ ਦੀ ਮੰਗ ਕਰਦੀ ਹੈ।

ਆਜ਼ਾਦੀ ਸੰਘਰਸ਼ ਵਿੱਚ ਪੰਜਾਬ ਦੇ ਲੋਕਾਂ ਦੇ ਸ਼ਲਾਘਾਯੋਗ ਯੋਗਦਾਨ ਨੂੰ ਚੇਤੇ ਕਰਨਾ ਬਹੁਤ ਹੀ ਮਾਣ ਵਾਲੀ ਗੱਲ ਹੈ, ਜਿਨ੍ਹਾਂ ਨੇ ਆਜ਼ਾਦੀ ਦੀ ਲੜਾਈ ਲਈ ਹਮੇਸ਼ਾ ਬੇਮਿਸਾਲ ਦਲੇਰੀ ਅਤੇ ਦ੍ਰਿੜ ਵਚਨਬੱਧਤਾ ਦਿਖਾਈ ਹੈ। ਦੇਸ਼ ਦੇ ਆਜ਼ਾਦੀ ਸੰਘਰਸ਼ ਵਿੱਚ ਪੰਜਾਬ ਹਮੇਸ਼ਾ ਮੋਹਰੀ ਰਿਹਾ ਹੈ, ਜਿਸਨੂੰ ਭਾਰਤ ਦੇ ਪ੍ਰਗਤੀਸ਼ੀਲ ਰਾਜ ਵਜੋਂ ਵੀ ਜਾਣਿਆ ਜਾਂਦਾ ਹੈ।

ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਜੀ ਨੇ ਭਾਰਤ ਦੇ 75ਵੇਂ ਸੁਤੰਤਰਤਾ ਦਿਵਸ ‘ਤੇ ਦੇਸ਼ ਨੂੰ ਅੰਮ੍ਰਿਤ ਕਾਲ ਦਾ ਸੰਕਲਪ ਦਿੱਤਾ। ‘ਅੰਮ੍ਰਿਤ ਕਾਲ’, 2047 ਤੱਕ ‘ਨਿਊ ਇੰਡੀਆ’ ਭਾਵ ਵਿਕਸਿਤ ਭਾਰਤ ਦੇ ਨਿਰਮਾਣ ਲਈ ਪ੍ਰਧਾਨ ਮੰਤਰੀ ਦਾ ਉਦੇਸ਼ ਹੈ, ਜੋ ਦੇਸ਼ ਲਈ ਆਪਣੀਆਂ ਇੱਛਾਵਾਂ ਦੀ ਪੂਰਤੀ ਦੇ ਮੌਕਿਆਂ ਨਾਲ ਭਰਪੂਰ ਇੱਕ ਨਵੀਂ ਸਵੇਰ ਲੈ ਕੇ ਆਵੇਗਾ। ਇਹ ਅੰਮ੍ਰਿਤ ਕਾਲ ਸਾਡੇ ਸਾਰਿਆਂ ਲਈ ਦੇਸ਼ ਦੀ ਪ੍ਰਗਤੀ ਵਿੱਚ ਵਧ-ਚੜ੍ਹ ਕੇ ਯੋਗਦਾਨ ਦੇਣ ਦਾ ਸਮਾਂ ਹੈ। ਇਹ ਅੰਮ੍ਰਿਤ ਕਾਲ ਸਾਡੇ ਸਾਰਿਆਂ ਵਾਸਤੇ ਮਾਂ ਭਾਰਤੀ ਲਈ ਕੁਝ ਕਰਨ ਦਾ ਸਮਾਂ ਹੈ।

ਆਜ਼ਾਦੀ ਦੀ ਲੜਾਈ ਦੌਰਾਨ 1947 ਤੋਂ ਪਹਿਲਾਂ ਪੈਦਾ ਹੋਈ ਪੀੜ੍ਹੀ ਨੂੰ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਨੇ ਦੇਸ਼ ਲਈ ਕੁਰਬਾਨ ਹੋਣ ਦਾ ਕੋਈ ਮੌਕਾ ਨਹੀਂ ਛੱਡਿਆ। ਪਰ ਸਾਨੂੰ ਦੇਸ਼ ਲਈ ਕੁਰਬਾਨ ਹੋਣ ਦਾ ਮੌਕਾ ਨਹੀਂ ਸਗੋਂ ਦੇਸ਼ ਲਈ ਜਿਉਣ ਦਾ ਮੌਕਾ ਮਿਲਿਆ ਹੈ। ਇਸ ਤੋਂ ਵੱਡੀ ਗੱਲ ਹੋਰ ਕੀ ਹੋ ਸਕਦੀ ਹੈ! ਸਾਨੂੰ ਹਰ ਪਲ ਦੇਸ਼ ਦੀ ਬਿਹਤਰੀ ਲਈ ਜਿਉਣਾ ਚਾਹੀਦਾ ਹੈ। ਇਸ ਲਈ, ਆਓ ਇਸ ਉਦੇਸ਼ ਦੇ ਨਾਲ ਅਸੀਂ ਇਸ ‘ਅੰਮ੍ਰਿਤ ਕਾਲ’ ਵਿੱਚ 140 ਕਰੋੜ ਦੇਸ਼ਵਾਸੀਆਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਇੱਕ ਨਵਾਂ ਸੰਕਲਪ ਲਈਏ। ਅਸੀਂ 140 ਕਰੋੜ ਦੇਸ਼ਵਾਸੀਆਂ ਦੇ ਸੰਕਲਪ ਨੂੰ ਪੂਰਾ ਕਰਨਾ ਹੈ ਅਤੇ ਜਦੋਂ 2047 ਵਿੱਚ ਤਿਰੰਗਾ ਲਹਿਰਾਏਗਾ ਤਾਂ ਪੂਰੀ ਦੁਨੀਆਂ ਵਿਕਸਤ ਭਾਰਤ ਦਾ ਮਾਣ ਵਧਾਉਣ ਲਈ ਤਿਆਰ ਖੜ੍ਹੀ ਹੋਵੇਗੀ।

ਸਾਲ 2024, 18ਵੀਆਂ ਲੋਕ ਸਭਾ ਚੋਣਾਂ ਦੇ ਰੂਪ ਵਿੱਚ ਸਾਡੇ ਲੋਕਤੰਤਰੀ ਇਤਿਹਾਸ ਦੇ ਇੱਕ ਵੱਡੇ ਈਵੈਂਟ ਦਾ ਗਵਾਹ ਰਿਹਾ ਹੈ। ਇਹ ਬੜੀ ਖ਼ੁਸ਼ੀ ਅਤੇ ਤਸੱਲੀ ਵਾਲੀ ਗੱਲ ਹੈ ਕਿ ਚੋਣਾਂ ਸ਼ਾਂਤੀਪੂਰਵਕ ਨੇਪਰੇ ਚੜ੍ਹੀਆਂ। ਲੋਕਾਂ ਦੁਆਰਾ ਲੋਕਤੰਤਰੀ ਸਰਕਾਰ ਦੀ ਚੋਣ ਨੇ ਸੰਸਾਰ ਨੂੰ ਇਹ ਦਿਖਾ ਦਿੱਤਾ ਹੈ ਕਿ ਭਾਰਤ ਇੱਕ ਪਰਿਪੱਕ ਲੋਕਤੰਤਰ ਹੈ, ਜਿੱਥੋਂ ਦੇ ਅਗਾਂਹਵਧੂ ਸੋਚ ਵਾਲੇ ਲੋਕ ਦੇਸ਼ ਦੀ ਤਰੱਕੀ ਲਈ ਹਮੇਸ਼ਾ



**ਸ੍ਰੀ ਗੁਲਾਬ ਚੰਦ ਕਟਾਰੀਆ, ਰਾਜਪਾਲ ਪੰਜਾਬ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ**

ਤਤਪਰ ਹਨ।

ਸਾਨੂੰ, ਦੇਸ਼ ਨੂੰ ਨਵੀਆਂ ਉਚਾਈਆਂ ‘ਤੇ ਲਿਜਾਣ ਦਾ ਸੁਨਹਿਰੀ ਮੌਕਾ ਮਿਲਿਆ ਹੈ। ਸਾਡੇ ਟੀਚਿਆਂ ਦੀ ਪ੍ਰਾਪਤੀ ਵਿੱਚ ਹਰੇਕ ਨਾਗਰਿਕ ਦਾ ਯੋਗਦਾਨ ਮਹੱਤਵਪੂਰਨ ਹੋਵੇਗਾ। ਇਸ ਉਦੇਸ਼ ਦੀ ਪੂਰਤੀ ਲਈ ਮੈਂ ਆਪਣੇ ਸਾਰੇ ਸਾਥੀ ਨਾਗਰਿਕਾਂ ਨੂੰ ਸੰਵਿਧਾਨ ਵਿੱਚ ਦਰਜ ਸਾਡੇ ਬੁਨਿਆਦੀ ਫਰਜ਼ਾਂ ਦੀ ਪਾਲਣਾ ਕਰਨ ਦੀ ਅਪੀਲ ਕਰਦਾ ਹਾਂ। ਇਹ ਫ਼ਰਜ਼ ਆਜ਼ਾਦੀ ਦੇ 100 ਸਾਲ ਪੂਰੇ ਹੋਣ ‘ਤੇ ਭਾਰਤ ਨੂੰ ਵਿਕਸਤ ਰਾਸ਼ਟਰ ਬਣਾਉਣ ਲਈ ਹਰ ਨਾਗਰਿਕ ਦੇ ਲਈ ਜ਼ਰੂਰੀ ਹਨ।

ਅਸੀਂ ਅਯੁੱਧਿਆ ਵਿੱਚ ਪ੍ਰਭੂ ਸ੍ਰੀ ਰਾਮ ਦੇ ਜਨਮ ਸਥਾਨ ‘ਤੇ ਬਣੇ ਰਾਮ ਮੰਦਰ ਵਿੱਚ ਭਗਵਾਨ ਸ੍ਰੀ ਰਾਮ ਦੀ ਮੂਰਤੀ ਸਥਾਪਨਾ ਪ੍ਰਾਣ ਪ੍ਰਤਿਸ਼ਠਾ ਦੇ ਇਤਿਹਾਸਕ ਸਮਾਰੋਹ ਦੇ ਗਵਾਹ ਬਣੇ। ਜਦੋਂ ਇਸ ਘਟਨਾ ਨੂੰ ਵਿਆਪਕ ਪਰਿਪੇਖ ਵਿੱਚ ਦੇਖਿਆ ਜਾਵੇਗਾ ਤਾਂ ਭਵਿੱਖ ਦੇ ਇਤਿਹਾਸਕਾਰ ਇਸ ਨੂੰ ਭਾਰਤੀ ਸੱਭਿਅਤਾ ਦੀ ਵਿਰਾਸਤ ਦੀ ਪੁਨਰ-ਖੋਜ ਵਿੱਚ ਇੱਕ ਵੱਡੇ ਮੀਲ ਪੱਥਰ ਵਜੋਂ ਦੇਖਣਗੇ।

ਭਾਰਤ ਦੀ ਪ੍ਰਧਾਨਗੀ ਹੇਠ ਰਾਜਧਾਨੀ ਵਿਖੇ ਜੀ-20 ਸਿਖਰ ਸੰਮੇਲਨ ਦਾ ਸਫ਼ਲ ਆਯੋਜਨ ਇੱਕ ਮਹੱਤਵਪੂਰਨ ਪ੍ਰਾਪਤੀ ਸੀ। ਸਭ ਤੋਂ ਵੱਧ ਮਹੱਤਵਪੂਰਨ ਅਤੇ ਧਿਆਨ ਦੇਣ ਯੋਗ ਗੱਲ ਇਹ ਸੀ ਕਿਸ ਤਰ੍ਹਾਂ ਲੋਕਾਂ ਨੇ ਵੱਧ ਚੜ੍ਹ ਕੇ ਜੀ-20 ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਇਸ ਸ਼ਾਨਦਾਰ ਸਮਾਗਮ ਨੇ ਨਾਗਰਿਕਾਂ ਨੂੰ ਰਣਨੀਤਕ ਅਤੇ ਕੂਟਨੀਤਕ ਮਾਮਲਿਆਂ ਵਿੱਚ ਉਨ੍ਹਾਂ ਦੀ ਭਾਗੀਦਾਰੀ ਯਕੀਨੀ ਬਣਾਉਣ ਦਾ ਸਬਕ ਦਿੱਤਾ ਜੋ ਉਨ੍ਹਾਂ ਦੇ ਭਵਿੱਖ ਨੂੰ ਸਿਰਜਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲਾ ਹੈ।

ਭਾਰਤ ਸਰਕਾਰ ਵੱਲੋਂ ਕੀਤੀ ਗਈ ਇੱਕ ਹੋਰ ਮਹੱਤਵਪੂਰਨ ਪਹਿਲਕਦਮੀ ਡਿਜੀਟਲ ਇੰਡੀਆ ਦਾ ਨਿਰਮਾਣ ਕਰਨਾ ਹੈ ਜਿਸ ਨੇ ਭਾਰਤ ਵਿੱਚ ਲੋਕਾਂ ਦੇ ਜੀਵਨ ਅਤੇ ਕਾਰੋਬਾਰ ਨੂੰ ਬਹੁਤ ਅਸਾਨ ਬਣਾ ਦਿੱਤਾ ਹੈ। ਅੱਜ ਦੁਨੀਆ ਭਰ ਨੇ ਇਸ ਨੂੰ ਭਾਰਤ ਦੀ ਇੱਕ ਵੱਡੀ ਪ੍ਰਾਪਤੀ ਮੰਨਿਆ ਹੈ। ਇੱਥੋਂ ਤੱਕ ਕਿ ਵਿਕਸਤ ਦੇਸ਼ਾਂ ਕੋਲ ਵੀ ਭਾਰਤ ਵਰਗੀ ਡਿਜੀਟਲ ਪ੍ਰਣਾਲੀ ਨਹੀਂ ਹੈ।

ਸਾਡੇ ਮਾਣਯੋਗ ਪ੍ਰਧਾਨ ਮੰਤਰੀ ਦੀ ਯੋਗ ਅਗਵਾਈ ਹੇਠ ਅਤੇ ਉਨ੍ਹਾਂ ਦੀ ਮੌਜੂਦਗੀ ਵਿੱਚ ਦੇਸ਼ ਸੰਸਾਰ ਭਰ ਵਿੱਚ ਮੋਹਰੀ ਬਣ ਕੇ ਉਭਰ ਰਿਹਾ ਹੈ। ਦੇਸ਼ ਵਿੱਚ ਮੌਜੂਦ ਪ੍ਰਤਿਭਾ ਨੂੰ ਧਿਆਨ ਵਿੱਚ ਰੱਖਦੇ ਹੋਏ, ਸੁਨਹਿਰੀ ਭਵਿੱਖ ਦੇ ਵਾਅਦੇ ਹੋਰ ਵੀ ਮਜ਼ਬੂਤ ਹੋ ਰਹੇ ਹਨ। ਆਓ ਅਸੀਂ ਵਿਕਾਸ ਦੇ ਭਰੂਪਰ ਮੌਕਿਆਂ ਨਾਲ ਸੰਜੋਏ ਭਾਰਤ ਨੂੰ ਹੋਰ ਵਿਕਸਤ ਕਰਨ ਲਈ ਵਚਨਬੱਧ ਹੋਈਏ।

ਪੰਜਾਬ ਇੱਕ ਸਰਹੱਦੀ ਸੂਬਾ ਹੋਣ ਕਰਕੇ ਸਾਡੇ ਗੁਆਂਢੀ ਦੁਸ਼ਮਣ ਦੇਸ਼ ਪਾਕਿਸਤਾਨ ਤੋਂ ਹਮੇਸ਼ਾ ਚੁਣੌਤੀਆਂ ਦਾ ਸਾਹਮਣਾ ਕਰਦਾ ਰਿਹਾ ਹੈ ਜਿਸ ਦੀ ਪੰਜਾਬ ਰਾਜ ਨਾਲ 245 ਕਿਲੋਮੀਟਰ ਲੰਬੀ ਜ਼ਮੀਨੀ ਸਰਹੱਦ ਲੱਗਦੀ ਹੈ। ਕਿਉਂਕਿ ਪਾਕਿਸਤਾਨ ਕੋਲ ਭਾਰਤ ਨਾਲ ਸਿੱਧੀ ਲੜਾਈ ਲੜਨ ਦੀ ਸਮਰੱਥਾ ਨਹੀਂ ਹੈ, ਇਸ ਲਈ ਉਹ ਦੇਸ਼ ਦੀ ਅਮਨ-ਸ਼ਾਂਤੀ ਨੂੰ ਭੰਗ ਕਰਨ ਲਈ ਵੱਖ-ਵੱਖ ਤਰੀਕਿਆਂ ਨਾਲ ਨਸ਼ੇ ਅਤੇ ਹਥਿਆਰ ਭੇਜ ਕੇ ਇਕ ਅਸਿੱਧੀ ਜੰਗ ਲੜ ਰਿਹਾ ਹੈ। ਸਾਨੂੰ ਦੁਸ਼ਮਣ ਦੀਆਂ ਅਜਿਹੀਆਂ ਗਤੀਵਿਧੀਆਂ ਤੋਂ ਸੁਚੇਤ ਰਹਿਣ ਦੀ ਲੋੜ ਹੈ ਅਤੇ ਦੁਸ਼ਮਣ ਦੀਆਂ ਅਜਿਹੀਆਂ ਸਾਜ਼ਿਸ਼ਾਂ ਦਾ ਸਾਂਝੇ ਤੌਰ ‘ਤੇ ਡੱਟ ਕੇ ਮੁਕਾਬਲਾ ਕਰਨ ਦੀ ਜ਼ਰੂਰਤ ਹੈ।

ਪੰਜਾਬ ਦੇ ਰਾਜਪਾਲ ਨੇ ਛੇ ਸਰਹੱਦੀ ਜ਼ਿਲ੍ਹਿਆਂ ਵਿੱਚ ਆਪਣੇ ਪਿੰਡਾਂ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਸਬੰਧੀ ਕਾਰਗੁਜ਼ਾਰੀ ਦੇ ਆਧਾਰ ’ਤੇ ਪਹਿਲੀਆਂ ਤਿੰਨ ਸਰਬੋਤਮ ਪਿੰਡ ਪੱਧਰੀ ਰੱਖਿਆ ਕਮੇਟੀਆਂ ਨੂੰ ਆਪਣੇ ਅਖਤਿਆਰੀ ਕੋਟੇ ਵਿੱਚੋਂ 36 ਲੱਖ ਰੁਪਏ ਸਾਲਾਨਾ ਇਨਾਮ ਰਾਸ਼ੀ ਦੇਣ ਦਾ ਫੈਸਲਾ ਕੀਤਾ ਹੈ। ਇਹ ਇਨਾਮ ਸਾਰੇ 6 ਸਰਹੱਦੀ ਜ਼ਿਲ੍ਹਿਆਂ ਵਿੱਚ ਹਰੇਕ ਜ਼ਿਲ੍ਹੇ ਦੇ ਤਿੰਨ ਪਿੰਡਾਂ ਨੂੰ ਦਿੱਤਾ ਜਾਵੇਗਾ, ਜਿਸ ਵਿੱਚ ਪਹਿਲੇ ਨੰਬਰ ‘ਤੇ ਆਉਣ ਵਾਲੀ ਪਿੰਡ ਪੱਧਰੀ ਰੱਖਿਆ ਕਮੇਟੀ ਨੂੰ 3 ਲੱਖ ਰੁਪਏ, ਦੂਜੇ ਨੰਬਰ ‘ਤੇ ਆਉਣ ਵਾਲੀ ਰੱਖਿਆ ਕਮੇਟੀ ਨੂੰ 2 ਲੱਖ ਰੁਪਏ ਅਤੇ ਤੀਜੇ ਨੰਬਰ ‘ਤੇ ਆਉਣ ਵਾਲੀ ਰੱਖਿਆ ਕਮੇਟੀ ਨੂੰ 1 ਲੱਖ ਰੁਪਏ ਦਿੱਤੇ ਜਾਣਗੇ।

ਇਸ ਤੋਂ ਇਲਾਵਾ ਪੰਜਾਬ ਰਾਜ ਭਵਨ ਨੇ ਪੰਜਾਬ ਅਤੇ ਚੰਡੀਗੜ੍ਹ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਦੀ ਪਹਿਲਕਦਮੀ ਸ਼ੁਰੂ ਕੀਤੀ ਹੈ, ਜਿਸ ਦਾ ਉਦੇਸ਼ ਨਾ ਸਿਰਫ਼ ਹੋਣਹਾਰ ਵਿਦਿਆਰਥੀਆਂ ਦੀ ਮਿਹਨਤ ਅਤੇ ਪ੍ਰਾਪਤੀਆਂ ਦੀ ਸ਼ਲਾਘਾ ਕਰਨਾ ਹੈ, ਸਗੋਂ ਉਨ੍ਹਾਂ ਨੂੰ ਉਨ੍ਹਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਕੁਝ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਹੈ। ਸੂਬੇ/ਯੂ.ਟੀ. ਵਿੱਚ 8ਵੀਂ ਅਤੇ 10ਵੀਂ ਜਮਾਤ ਵਿੱਚ ਸਰਬੋਤਮ ਕਾਰਗੁਜ਼ਾਰੀ ਵਾਲੇ ਪੰਜਾਬ ਅਤੇ ਯੂਟੀ ਚੰਡੀਗੜ੍ਹ ਦੇ ਸਰਕਾਰੀ ਸਕੂਲਾਂ ਦੇ 300 ਹੋਣਹਾਰ ਵਿਦਿਆਰਥੀ ਨੂੰ ਸਨਮਾਨਿਤ ਕੀਤਾ ਗਿਆ ਹੈ। ਇਨਾਮੀ ਰਾਸ਼ੀ ਵਜੋਂ 10ਵੀਂ ਜਮਾਤ ਦੇ ਹਰੇਕ ਵਿਦਿਆਰਥੀ ਨੂੰ 10,000 ਰੁਪਏ ਅਤੇ 8ਵੀਂ ਜਮਾਤ ਦੇ ਹਰੇਕ ਵਿਦਿਆਰਥੀ ਨੂੰ 5000 ਰੁਪਏ ਦਿੱਤੇ ਗਏ ਹਨ।

ਮੈਂ ਪੰਜਾਬ ਦੇ ਲੋਕਾਂ, ਚੁਣੇ ਹੋਏ ਨੁਮਾਇੰਦਿਆਂ, ਸਿਵਲ ਅਤੇ ਪੁਲਿਸ ਅਧਿਕਾਰੀਆਂ, ਸਾਬਕਾ ਸੈਨਿਕਾਂ, ਨੌਜਵਾਨਾਂ, ਡਾਕਟਰਾਂ, ਸਿੱਖਿਆ ਸ਼ਾਸਤਰੀਆਂ, ਬੁੱਧੀਜੀਵੀਆਂ, ਗੈਰ ਸਰਕਾਰੀ ਸੰਗਠਨਾਂ, ਸਵੈ-ਸੇਵੀ ਸੰਸਥਾਵਾਂ ਅਤੇ ਮੀਡੀਆ ਨੂੰ ਨਸ਼ਿਆਂ ਵਿਰੁੱਧ ਮੁਹਿੰਮਾਂ ਚਲਾਉਣ, ਹਰੇ-ਭਰੇ ਅਤੇ ਸਾਫ਼-ਸੁਥਰੇ ਵਾਤਾਵਰਣ, ਗ੍ਰੀਨ ਐਨਰਜੀ, ਸੋਲਰ ਐਨਰਜੀ, ਭਾਰਤ ਸਰਕਾਰ ਦੀ ਸਕੀਮ ‘ਏਕ ਪੇਡ ਮਾਂ ਕੇ ਨਾਮ’ ਤਹਿਤ ਪੌਦੇ ਲਗਾਉਣ, ਸਵੱਛ ਭਾਰਤ, ਡਿਜੀਟਲ ਇੰਡੀਆ, ਮੇਕ ਇਨ ਇੰਡੀਆ, ਮਹਿਲਾ ਸਸ਼ਕਤੀਕਰਨ, ਵਿਕਸ਼ਿਤ ਭਾਰਤ ਆਦਿ ਲਈ ਜਨਤਕ ਮੁਹਿੰਮਾਂ ਚਲਾਉਣ ਦਾ ਸੱਦਾ ਦਿੰਦਾ ਹਾਂ।

ਆਓ, ਇਸ ਮੌਕੇ ਅਸੀਂ ਆਪਣੇ ਦੇਸ਼ ਦੇ ਹਿੱਤਾਂ ਨੂੰ ਤਰਜੀਹ ਦਿੰਦੇ ਹੋਏ, ਇਮਾਨਦਾਰੀ, ਵਚਨਬੱਧਤਾ, ਲਗਨ ਅਤੇ ਸਮਰਪਣ ਨਾਲ ਆਪਣੇ ਫਰਜ਼ ਨਿਭਾਉਣ ਲਈ ਸਮੂਹਿਕ ਤੌਰ ‘ਤੇ ਸਖ਼ਤ ਮਿਹਨਤ ਕਰਨ ਦਾ ਪ੍ਰਣ ਕਰੀਏ।

ਮੈਂ ਇੱਕ ਵਾਰ ਫਿਰ ਪੰਜਾਬ ਅਤੇ ਚੰਡੀਗੜ੍ਹ ਦੇ ਲੋਕਾਂ ਨੂੰ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਦਿਲੋਂ ਸ਼ੁਭਕਾਮਨਾਵਾਂ ਦਿੰਦਾ ਹਾਂ।

**ਜੈ ਹਿੰਦ!**

# ਕੁਦਰਤਿ ਹੈ ਕੀਮਤਿ ਨਹੀਂ ਪਾਇ॥

ਭਾਰਤੀ ਅਤੇ ਖਾਸ ਕਰਕੇ ਪੰਜਾਬੀ ਲੋਕਾਂ ਦੀ ਮਸਾਲਿਆਂ ਨਾਲ ਸਾਂਝ ਬੜੀ ਗੂੜ੍ਹੀ ਤੇ ਪੁਰਾਣੀ ਹੈ। ਮਹਿਕਦਾਰ ਅਤੇ ਮਸਾਲੇਦਾਰ ਭੋਜਨ ਪੰਜਾਬੀਆਂ ਦੀ ਰਸੋਈ ਦਾ ਅਹਿਮ ਅੰਗ ਹੈ। ਹਾਲਾਂਕਿ ਪੰਜਾਬ ਦਾ ਵਾਤਾਵਰਣ ਜ਼ਿਆਦਾਤਰ ਮਸਾਲੇ ਪੈਦਾ ਕਰਨ ਦੇ ਅਨੁਕੂਲ ਨਹੀਂ ਹੈ, ਪਰ ਫਿਰ ਵੀ ਇਨ੍ਹਾਂ ਦਾ ਇੰਤਜ਼ਾਮ ਹਰ ਪਰਿਵਾਰ ਕਰਦਾ ਹੈ, ਅਨੇਕਾਂ ਮਸਾਲਿਆਂ ਵਿੱਚ ਦਾਲ ਚੀਨੀ ਦਾ ਸਾਡੇ ਵੱਖ-ਵੱਖ ਭੋਜਨ ਪਦਾਰਥਾਂ ਵਿੱਚ ਬਹੁਤ ਬਿਹਤਰੀਨ ਉਪਯੋਗ ਕੀਤਾ



ਜਾਂਦਾ ਹੈ।

ਦਾਲ ਚੀਨੀ ਦਾ ਮੂਲ ਖੇਤਰ ਦੱਖਣੀ ਏਸ਼ੀਆ ਅਤੇ ਖਾਸ ਕਰਕੇ ਸ੍ਰੀਲੰਕਾ ਨੂੰ ਮੰਨਿਆ ਜਾਂਦਾ ਹੈ। ਹਾਲਾਂਕਿ ਸ੍ਰੀਲੰਕਾ ਤੋਂ ਇਲਾਵਾ ਦਾਲ ਚੀਨੀ ਭਾਰਤ ਦੇ ਦੱਖਣੀ ਸੂਬਿਆਂ ਅਤੇ ਬ੍ਰਾਜ਼ੀਲ, ਇੰਡੋਨੇਸ਼ੀਆ ਤੇ ਮਲੇਸ਼ੀਆ ਵਰਗੇ ਦੇਸ਼ਾਂ ਵਿੱਚ ਵੀ ਉਗਾਈ ਜਾਂਦੀ ਹੈ। ਸੋਲਵੀਂ ਸਦੀ ਦੇ ਮੱਧ ਵਿਚ ਪੁਰਤਗਾਲ ਦੇ ਖੋਜਕਰਤਾਵਾਂ ਦੀ ਇਕ ਮੁਹਿੰਮ ਦੌਰਾਨ ਸ੍ਰੀਲੰਕਾ ਦੇ ਤੱਟ ਨਾਲ ਸੰਘਣੇ ਦਾਲ ਚੀਨਭ ਦੇ ਜੰਗਲਾਂ ਦੀ ਖੋਜ ਕੀਤੀ। ਉਨ੍ਹਾਂ ਸਮਿਆਂ ਵਿੱਚ ਇਸ ਟਾਪੂ ਨੂੰ ‘ਸਿਲੋਨ‘ ਦੀ ਕਿਹਾ ਜਾਂਦਾ ਸੀ ਅਤੇ ਇਸ ਟਾਪੂ ‘ਤੇ ਪਹਿਲਾਂ ਡੱਚ ਲੋਕਾਂ ਤੇ ਫਿਰ ਬ੍ਰਿਟਿਸ਼ ਲੋਕਾਂ ਦੁਆਰਾ ਕਬਜ਼ਾ ਕੀਤਾ ਗਿਆ। ਇਤਿਹਾਸਕਾਰਾਂ ਅਨੁਸਾਰ ਪੁਰਾਤਨ ਵੇਲਿਆਂ ਵਿਚ ਦਾਲ ਚੀਨੀ ਦੀ ਕੀਮਤ ਚਾਂਦੀ ਨਾਲੋਂ ਵੀ ਕਈ ਗੁਣਾ ਜ਼ਿਆਦਾ ਮੰਨੀ ਜਾਂਦੀ ਸੀ। ਪਛਤਾਵੇ ਦੀ ਨਿਸ਼ਾਨੀ ਵਜੋਂ, ਰੋਮਨ ਸਮਰਾਟ ਨੀਰੋ ਨੇ ਆਪਣੀ ਪਤਨੀ ਦੀ ਹੱਤਿਆ ਕਰਨ ਤੋਂ ਬਾਅਦ ਇੱਕ ਸਾਲ ਦਾਲ ਚੀਨੀ ਦੀ ਸਪਲਾਈ ਨੂੰ ਸਾੜਨ ਦਾ ਆਦੇਸ਼ ਦਿੱਤਾ।

ਦਰਅਸਲ, ਦਾਲ ਚੀਨੀ ਇਕ ਮਸਾਲਾ ਹੈ ਜੋ ਕਿ Cinnamomum verum ਵਿਗਿਆਨਕ ਨਾਂ ਵਾਲੇ ਪੌਦੇ ਦੇ ਸੱਕ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਹਾਲਾਂਕਿ ਇੱਥੇ ਇਹ ਦੱਸਣਾ ਲਾਜ਼ਮੀ ਹੈ ਕਿ ਇਹ ਮਸਾਲਾ ਸਿਨੋਮੋਮ ਜੈਨਸ ਦੇ ਕਈ ਰੁੱਖਾਂ ਦੀ ਸੱਕ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਦਾਲ ਚੀਨੀ (ਸਿਨੇਮਨ) ਦਾ ਨਾਂ ਕਿੰਨਮੋਮੋਨ, ਫੋਨੀਸ਼ੀਅਮ ਤੋਂ ਲੈ ਕੇ ਇਬਰਾਨੀ ਕਿੰਨਮਾਮਿਨ ਤੱਕ ਮਿਲਦਾ ਹੈ, ਜੋ ਮਾਲੇਸ਼ੀਅਮ ਭਾਸ਼ਾ ਤੋਂ ਆਇਆ ਤੇ ਜਿਸ ਦਾ ਅਰਥ ‘ਮਿੱਠੀ ਲੱਕੜ‘ ਹੈ। ਦਾਲ ਚੀਨੀ ਦਾ ਸਦਾਬਹਾਰ ਦਰੱਖਤ ਵਾਤਾਵਰਨ ਹਾਲਤਾਂ ਮੁਤਾਬਿਕ ਤਕਰੀਬਨ 30-35 ਫੁੱਟ ਦੀ ਉੱਚਾਈ ਤੱਕ ਚੱਲਾ ਜਾਂਦਾ ਹੈ ਅਤੇ ਇਸ ਨੂੰ ਹਲਕੇ ਸਫੈਦ ਕਰੀਮ ਰੰਗ ਦੇ ਫੁੱਲ ਪੈਂਦੇ ਹਨ। ਇਸ ’ਤੇ ਫਲਾਂ ਨੂੰ ਪੰਛੀ ਖਾਣਾ ਬਹੁਤ ਪਸੰਦ ਕਰਦੇ ਹਨ।

ਦਾਲ ਚੀਨੀ ਦੀ ਵਰਤੋਂ ਮੁੱਖ ਤੌਰ ‘ਤੇ ਵੱਖ-ਵੱਖ ਪਕਵਾਨਾਂ ਨੂੰ ਮਹਿਕਦਾਰ ਅਤੇ ਸਵਾਦ ਭਰਪੂਰ ਕਰਨ ਲਈ ਕੀਤੀ ਜਾਂਦੀ ਹੈ। ਮਿਠਾਈਆਂ, ਚਾਕਲੇਟ, ਕੈਂਡੀਜ਼, ਚਾਹ, ਗਰਮ ਕੋਕੋ, ਚਿਕਨ, ਮੀਟ, ਅਨਾਜ, ਫਲ, ਆਚਾਰ, ਬੇਕਰੀ ਉਤਪਾਦ ਆਦਿ ਅਨੇਕਾਂ ਪਦਾਰਥਾਂ ਵਿਚ ਇਸ ਦਾ ਉਪਯੋਗ ਹੁੰਦਾ ਹੈ। ਮੈਕਸੀਕੋ ਵਿੱਚ ਤਾਂ ਕੌਫੀ ਵਿੱਚ ਵੀ ਇਸ ਦਾ ਸੱਕ ਸਿੱਧਾ ਸੇਵਨ ਕੀਤਾ ਜਾ ਸਕਦਾ ਹੈ। ਦਾਲ ਚੀਨੀ ਦੀ ਵਰਤੋਂ ਸ਼ਿੰਗਾਰ ਸਮੱਗਰੀ, ਤੇਲ, ਪੇਸਟ, ਸਾਬਣ ਵਰਗੇ ਉਤਪਾਦਾਂ ਵਿੱਚ ਵੀ ਕੀਤੀ ਜਾਂਦੀ ਹੈ। ਵੈਦਿਕ ਗੁਣਾਂ ਦੀ ਗੱਲ ਕਰੀਏ ਤਾਂ ਦਾਲ ਚੀਨੀ ਦੇ ਸੱਕ ਜਾਂ ਤੇਲ ਨੂੰ ਅਨੇਕਾਂ ਮਨੁੱਖੀ ਬਿਮਾਰੀਆਂ ਜਿਵੇਂ ਕਿ ਪੇਟ ਗੈਸ, ਸ਼ੂਗਰ, ਦਸਤ, ਖੰਘ, ਗਲੇ ਦਾ ਦਰਦ, ਜ਼ੁਕਾਮ, ਪੇਟ ਰੋਗ, ਚਮੜੀ। ਸਿਰ ਦਰਦ, ਦੰਦਾਂ ਦੇ ਰੋਗ ਦੇ ਇਲਾਜ ਲਈ ਨੁਸਖਿਆਂ ਵਿੱਚ ਵਰਤਿਆ ਜਾਂਦਾ ਹੈ। ਦਾਲ ਚੀਨੀ ਦੇ ਮਸਾਲੇ ਨੇ ਪੁਰਾਤਨ ਵੇਲਿਆਂ ਵਿੱਚ ਅਨੇਕਾਂ ਸਾਮਰਾਜਾਂ ਅਤੇ ਦੇਸ਼ਾਂ ਵਿੱਚ ਵਪਾਰ ਦੀਆਂ ਸੰਭਾਵਨਾਵਾਂ ਨੂੰ ਵਧਾਉਣ ਵਿੱਚ ਯੋਗਦਾਨ ਪਾਇਆ। ਮਸਾਲੇ ਦੇ ਨਾਲ ਨਾਲ ਆਪਣੇ ਔਸ਼ਧੀ ਗੁਣਾਂ ਸਦਕਾ ਦਾਲ ਚੀਨੀ ਮਨੁੱਖੀ ਸਿਹਤ ਲਈ ਬਹੁਤ ਗੁਣਕਾਰੀ ਅਤੇ ਹਰ ਘਰ ਦੀ ਲੋੜ ਹੈ।

**ਬਲਵਿੰਦਰ ਸਿੰਘ ਲੱਖੇਵਾਲੀ,**
ਮੋ. 98142-39041

# ਜੈਵਿਕ ਖੇਤੀ ਅਪਣਾਓ, ਘੱਟ ਲਾਗਤ ਨਾਲ ਵਧੇਰੇ ਮੁਨਾਫਾ ਕਮਾਓ

ਸਵਰਨਜੀਤ ਕੌਰ, ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ (ਮੋ. 98152-89992)

ਲਗਾਤਾਰ ਮਿੱਟੀ ਦੀ ਘੱਟ ਰਹੀ ਉਪਜਾਊ ਸ਼ਕਤੀ ਇਕ ਗੰਭੀਰ ਚਿੰਤਾ ਦਾ ਵਿਸ਼ਾ ਬਣ ਰਹੀ ਹੈ । ਰਸਾਇਣਿਕ ਖਾਦਾ ਦੀ ਅੰਧਾ-ਧੁੰਦ ਵਰਤੋਂ ਨਾਲ ਨਾ ਸਿਰਫ ਮਿੱਟੀ ਦੀ ਉਪਜਾਊ ਸ਼ਕਤੀ ਘਟਦੀ ਹੈ ਬਲਕਿ ਫਸਲਾਂ ਵੀ ਕਈ ਕਿਸਮ ਦੇ ਤਣਾਅ ਪ੍ਰਤੀ ਸੰਵੇਦਨਸ਼ੀਲ ਹੋ ਜਾਂਦੀਆਂ ਹਨ ਜਿਸ ਕਰਕੇ ਉਹਨਾਂ ਦੀ ਰੋਗ ਪ੍ਰਤੀਰੋਧਕ ਸ਼ਮਤਾ ਘੱਟ ਜਾਂਦੀ ਹੈ ਅਤੇ ਉਹਨਾਂ ਉੱਪਰ ਬਿਮਾਰੀਆਂ ਅਤੇ ਕੀੜੇ ਮਕੌੜਿਆਂ ਦਾ ਹਮਲਾ ਵੱਧ ਜਾਂਦਾ ਹੈ । ਜੋ ਕਿ ਕਿਸਾਨਾਂ ਦੀ ਜੇਬ ਉੱਪਰ ਵਾਧੂ ਬੋਝ ਪਾਉਂਦਾ ਹੈ ਜਿਸਦੀ ਬਦੌਲਤ ਕਿਸਾਨ ਦਿਨੋਂ ਦਿਨ ਕਰਜ਼ੇ ਦੇ ਬੋਝ ਹੇਠ ਦਬਦਾ ਜਾ ਰਿਹਾ ਹੈ । ਕਿਸਾਨ ਜੈਵਿਕ ਖੇਤੀ ਨੂੰ ਅਪਣਾ ਕੇ ਘੱਟ ਲਾਗਤ ਨਾਲ ਵਧੇਰੇ ਮੁਨਾਫਾ ਕਮਾਉਣ ਦੇ ਨਾਲ-ਨਾਲ ਤੰਦਰੁਸਤ ਜੀਵਨ ਵੀ ਜੀਅ ਸਕਦੇ ਹਨ । ਇਹ ਸਿਰਫ ਜੈਵਿਕ ਖੇਤੀ ਹੀ ਨਹੀਂ ਬਲਕਿ ਜੀਵਨ ਜਿਊਣ ਦੀ ਕਲਾ ਬਣ ਚੁੱਕੀ ਹੈ ।

ਮਨੁੱਖੀ ਸਰੀਰ ਨੂੰ ਲੱਗਣ ਵਾਲੀਆਂ ਬਿਮਾਰੀਆਂ ਵਿਚ ਹੋ ਰਹੇ ਵਾਧੇ ਨੂੰ ਠੱਲ ਪਾਉਣ ਲਈ ਲੋੜ ਹੈ ਕਿ ਕਿਸਾਨਾਂ ਵਿਚ ਜੈਵਿਕ ਖੇਤੀ ਪ੍ਰਤੀ ਜਾਗਰੂਕਤਾ ਵਧਾਈ ਜਾਵੇ । ਜਿਸਦੀ ਵਰਤੋਂ ਕਰਕੇ ਸ਼ੁੱਧ, ਪੌਸ਼ਟਿਕ ਅਤੇ ਪੋਸ਼ਣ ਭਰਪੂਰ ਥਾਲੀ ਤਿਆਰ ਕੀਤੀ ਜਾ ਸਕਦੀ ਹੈ । ਰਸਾਇਣਿਕ ਖਾਦਾਂ ਦੀ ਅਸੰਤੁਲਿਤ ਵਰਤੋਂ ਨਾ ਸਿਰਫ ਭੂਮੀ ਦੀ ਸਿਹਤ ਖਰਾਬ ਕਰਦੀ ਹੈ ਬਲਕਿ ਕਈ ਤਰ੍ਹਾਂ ਦੇ ਮਿੱਤਰ ਕੀੜਿਆਂ ਨੂੰ ਨੁਕਸਾਨ ਪਹੁੰਚਾਉਣ ਦੇ ਨਾਲ-ਨਾਲ ਕਈ ਤਰ੍ਹਾਂ ਹਾਨੀਕਾਰਕ ਕੀੜਿਆਂ ਮਕੌੜਿਆਂ ਨੂੰ ਵੀ ਸੱਦਾ ਦਿੰਦੀ ਹੈ । ਰਸਾਇਣਿਕ ਖਾਦਾਂ ਖਾਸ ਤੌਰ ਤੇ ਨਾਈਟ੍ਰੋਜਨ ਖਾਦ ਦੀ ਨਿਰਧਾਰਿਤ ਮਾਤਰਾ ਤੋਂ ਜ਼ਿਆਦਾ ਵਰਤੋਂ ਬੂਟੇ ਦੇ ਤਣੇ ਵਿਚ ਮਿਠਾਸ ਪੈਦਾ ਕਰਦੀ ਹੈ ਜੋ ਕਿ ਹਾਨੀਕਾਰਕ ਕੀੜਿਆਂ-ਮਕੌੜਿਆਂ ਦੇ ਵਾਧੇ ਲਈ ਅਨੁਕੂਲ ਹੈ ਜਿਸਦੇ ਸਿੱਟੇ ਵਜੋਂ ਬੂਟਿਆਂ ਉੱਪਰ ਇਹਨਾਂ ਦਾ ਹਮਲਾ ਵਧੇਰੇ ਹੁੰਦਾ ਹੈ । ਜੈਵਿਕ ਖੇਤੀ ਰਾਹੀਂ ਫਸਲ ਨੂੰ ਜੈਵਿਕ ਤਰੀਕੇ ਨਾਲ ਤਿਆਰ ਕੀਤਾ ਜਾਂਦਾ ਹੈ ।

**ਜੈਵਿਕ ਖੇਤੀ ਕੀ ਹੈ ?**

ਰਸਾਇਣ ਮੁਕਤ ਖੇਤੀ, ਜਿਸ ਵਿਚ ਰਸਾਇਣਾਂ ਦੀ ਜਗ੍ਹਾਂ ਤੇ ਫਲੀਦਾਰ ਫਸਲਾਂ, ਗੰਡੋਇਆ ਖਾਦ, ਗਊ ਗੋਬਰ, ਗਊ ਮੂਤਰ, ਲੱਸੀ, ਮਿੱਤਰ ਕੀੜੇ ਆਦਿ ਗੈਰ ਰਸਾਇਣਿਕ ਤਰੀਕਿਆਂ ਦੀ ਮੱਦਦ ਨਾਲ ਖੇਤੀ ਕੀਤੀ ਜਾਂਦੀ ਹੈ ਉਹ ਜੈਵਿਕ ਖੇਤੀ ਅਖਵਾਉਂਦੀ ਹੈ ।

**ਜੈਵਿਕ ਖੇਤੀ ਦੇ ਲਾਭ :**

★ ਜੈਵਿਕ ਖੇਤੀ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਦੇ ਨਾਲ-ਨਾਲ ਮਿੱਟੀ ਦੇ ਰਸਾਇਣਕ ਪ੍ਰਦੂਸ਼ਣ ਨੂੰ ਘਟਾਉਂਦੀ ਹੈ ।

★ ਵਾਤਾਵਰਣ ਪ੍ਰਦੂਸ਼ਣ ਘਟਾਉਂਦੀ ਹੈ ਅਤੇ ਧਰਤੀ ਹੇਠਲੇ ਪਾਣੀ ਦੇ ਸਤਰ ਵਿਚ ਸੁਧਾਰ ਕਰਦੀ ਹੈ ।

★ ਜੈਵਿਕ ਖੇਤੀ ਵਿਚ ਘੱਟ ਪਾਣੀ ਦੀ ਲੋੜ ਹੁੰਦੀ ਹੈ ਜਿਸ ਕਰਕੇ ਪਾਣੀ ਦੀ ਕਾਫੀ ਬਚਤ ਹੁੰਦੀ ਹੈ ।

★ ਭੂਮੀ ਦੇ ਜੈਵਿਕ ਮਾਦੇ ਵਿਚ ਵਾਧਾ ਕਰਕੇ ਉਸਦੀ ਉਪਜਾਊ ਸ਼ਕਤੀ ਵਧਾਉਂਦੀ ਹੈ ।

★ ਰਸਾਇਣਾਂ ਨਾਲ ਹੋਣ ਵਾਲੇ ਨੁਕਸਾਨ ਤੋਂ ਪਸ਼ੂ, ਪੰਛੀਆਂ ਅਤੇ ਜੀਵ ਜੰਤੂਆਂ ਦੀ ਰੱਖਿਆ ਕਰਦੀ ਹੈ ।

★ ਆਰਗੈਨਿਕ ਖੇਤੀ ਵਿਚ ਸੂਖਮ ਜੀਵਾਂ ਦੀ ਗਿਣਤੀ ਵਧਾਉਂਦੀ ਹੈ ਜਿਸ ਨਾਲ ਫਸਲ ਨੂੰ ਪੋਸ਼ਕ ਤੱਤ ਭਰਪੂਰ ਮਾਤਰਾ ਵਿਚ ਉਪਲਬਧ ਹੁੰਦੇ ਹਨ ।

★ ਜੈਵਿਕ ਉਤਪਾਦ ਮਹਿੰਗੇ ਮੁੱਲ ਉੱਪਰ ਵਿਕਦੇ ਹਨ ।

★ ਜੈਵਿਕ ਖੇਤੀ ਕਰਨ ਮਿੱਤਰ ਕੀੜੇ ਸੁਰੱਖਿਅਤ ਰਹਿੰਦੇ ਹਨ ਜੋ ਕੁਦਰਤੀ ਤੌਰ ਕੇ ਫਸਲ ਨੂੰ ਹਾਨੀਕਾਰਕ ਕੀੜਿਆਂ ਅਤੇ ਬੀਮਾਰੀਆਂ ਤੋਂ ਬਚਾਉਂਦੇ ਹਨ ।

**ਜੈਵਿਕ ਖੇਤੀ ਮੁੱਖ ਤੱਤ :**

(ੳ) ਬੀਜ ਅੰਮ੍ਰਿਤ (ਅ) ਜੀਵ ਅੰਮ੍ਰਿਤ (ੲ) ਗੰਡੋਇਆ ਖਾਦ (ਸ) ਹਰੀ ਖਾਦ



★ **ਬੀਜ ਅੰਮ੍ਰਿਤ** : ਕਿਸੇ ਵੀ ਫਸਲ ਦੀ ਕਾਸ਼ਤ ਕਰਨ ਤੋਂ ਪਹਿਲਾ ਉਸਦੀ ਬੀਜ ਸੋਧ ਕਰਨ ਦਾ ਬਹੁਤ ਮਹੱਤਵ ਹੈ । ਇਹ ਨਾ ਸਿਰਫ ਕੇਵਲ ਬੀਜ ਨੂੰ ਮਿੱਟੀ ਵਿਚ ਮੌਜੂਦ ਕੀਟਾਣੂਆਂ ਤੋਂ ਬਚਾਉਂਦੀ ਹੈ ਸਗੋਂ 40-45 ਦਿਨ ਤੱਕ ਫਸਲ ਨੂੰ ਮਿੱਟੀ ਤੋਂ ਹੋਣ ਵਾਲੀਆਂ ਬੀਮਾਰੀਆਂ ਤੋਂ ਵੀ ਸੁਰੱਖਿਅਤ ਰੱਖਦੀ ਹੈ । ਬੀਜ ਅੰਮ੍ਰਿਤ ਨਾਲ ਬੀਜਾਂ ਨੂੰ ਮਿੱਟੀ ਵਿਚ ਮੌਜੂਦ ਕਈ ਬੀਮਾਰੀਆਂ ਅਤੇ ਕੀੜਿਆਂ ਤੋਂ ਬਚਾਇਆ ਜਾ ਸਕਦਾ ਹੈ । ਜਿਸ ਨਾਲ ਪੌਦਿਆਂ ਨੂੰ ਮਜਬੂਤੀ ਮਿਲਦੀ ਹੈ । ਜੈਵਿਕ ਤਰੀਕੇ ਨਾਲ ਬੀਜ ਅੰਮ੍ਰਿਤ ਤਿਆਰ ਕਰਨ ਲਈ 5 ਕਿਲੋਗ੍ਰਾਮ ਦੇਸੀ ਗਾਂ ਦਾ ਗੋਬਰ, 5 ਲੀਟਰ ਗਾਂ ਦਾ ਮੂਤਰ, 250 ਗ੍ਰਾਮ ਚੂਨਾ ਅਤੇ 100 ਗ੍ਰਾਮ ਖੇਤ ਦੀ ਮਿੱਟੀ ਦਾ 250 ਲੀਟਰ ਪਾਣੀ ਵਿਚ ਘੋਲ ਤਿਆਰ ਕਰ ਲਓ ਅਤੇ ਬੀਜ ਨੂੰ ਇਸ ਨਾਲ ਸੋਧਣ ਤੋਂ ਬਾਅਦ ਹੀ ਬਿਜਾਈ ਕਰੋ ।

★ **ਜੀਵ ਅੰਮ੍ਰਿਤ** : ਜੀਵ ਅੰਮ੍ਰਿਤ ਦਾ ਅਰਥ ਹੈ ਜੀਵ+ਅੰਮ੍ਰਿਤ । ਜੀਵ ਅੰਮ੍ਰਿਤ ਇਕ ਅਜਿਹਾ ਪਦਾਰਥ ਹੈ ਜਿਸਦੀ ਵਰਤੋਂ ਨਾਲ ਮਿੱਟੀ ਵਿਚ ਮੌਜੂਦ ਅਨੇਕਾਂ ਜੀਵਾਣੂ ਕਿਰਿਆਸ਼ੀਲ ਹੋ ਜਾਂਦੇ ਹਨ ਅਤੇ ਉਹ ਮਿੱਟੀ ਵਿਚ ਮੌਜੂਦ ਪੋਸ਼ਕ ਤੱਤ ਪੌਦਿਆਂ ਨੂੰ ਉਪਲਬਧ ਕਰਾਉਣ ਵਿਚ ਮਦਦ ਕਰਦੇ ਹਨ । ਰਸਾਇਣਕ ਖਾਦਾਂ ਦੀ ਅਸੰਤੁਲਿਤ ਵਰਤੋਂ ਹੋਣ ਕਰਕੇ ਮਿੱਟੀ ਵਿਚ ਮੌਜੂਦ ਅਨੇਕਾਂ ਜੀਵਾਣੂੰ ਅਕਿਰਿਆਸ਼ੀਲ ਅਵਸਥਾ ਵਿਚ ਰਹਿੰਦੇ ਹਨ । ਪ੍ਰੰਤੂ ਜੀਵ ਅੰਮ੍ਰਿਤ ਦੀ ਵਰਤੋਂ ਕਰਕੇ ਅਨੇਕਾਂ ਅਕਿਰਿਆਸ਼ੀਲ ਜੀਵਾਣੂੰਆਂ ਨੂੰ ਕਿਰਿਆਸ਼ੀਲ ਕੀਤਾ ਜਾ ਸਕਦਾ ਹੈ । ਇਸਨੂੰ ਤਿਆਰ ਕਰਨ ਲਈ ਗਾਂ ਦਾ ਗੋਬਰ, ਗਾਂ ਦਾ ਮੂਰਤ, ਮਿੱਠਾ ਸ਼ੀਰਾ/ ਗੁੜ ਫਲੀਦਾਰ ਫਸਲਾਂ ਦਾ ਆਟਾ ਵਰਤੋਂ ਵਿਚ ਲਿਆਂਦਾ ਜਾਂਦਾ ਹੈ । ਫਲੀਦਾਰ ਫਸਲਾਂ ਦਾ ਆਟਾ ਅਤੇ ਸ਼ੀਰਾ ਜੀਵਾਣੂਆਂ ਲਈ ਭੋਜਨ ਦਾ ਕੰਮ ਕਰਕੇ ਉਹਨਾਂ ਦੀ ਗਿਣਤੀ ਨੂੰ ਤੇਜ਼ੀ ਨਾਲ ਵਧਾਉਂਦੇ ਹਨ । ਇਸਦੀ ਵਰਤੋਂ ਸਿੰਚਾਈ ਵਾਲੇ ਪਾਣੀ ਦੇ ਨਾਲ ਕੀਤੀ ਜਾ ਸਕਦੀ ਹੈ ।

★ **ਗੰਡੋਇਆ ਖਾਦ** : ਇਹ ਖਾਦ ਗੰਡੋਇਆਂ ਦੀ ਮਦਦ ਨਾਲ ਤਿਆਰ ਕੀਤੀ ਜਾਂਦੀ ਹੈ । ਗੰਡੋਇਆ ਖਾਦ ਦੀ ਵਰਤੋਂ ਸਮੇਂ ਗੰਡੋਇਆ ਦੇ ਅੰਡੇ ਅਤੇ ਛੋਟੇ ਗੰਡੋਏ ਵੀ ਖੇਤ ਵਿਚ ਚਲੇ ਜਾਂਦੇ ਹਨ । ਗੰਡੋਇਆ ਮਿੱਟੀ ਨੂੰ ਖਾਦ ਤੋਂ ਬਾਅਦ ਆਪਣੇ ਸਰੀਰ 'ਚ ਇਕ ਤਰਲ ਪਦਾਰਥ ਛੱਡਦਾ ਹੈ ਜਿਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ । ਜੇਕਰ ਇਸਦੀ ਕਾਰਜਸ਼ੈਲੀ ਵੱਲ ਧਿਆਨ ਦਿੱਤਾ ਜਾਵੇ ਤਾਂ ਉਹ ਇਸ ਪ੍ਰਕਾਰ ਹੈ ਕਿ ਜਦੋਂ ਗੰਡੋਇਆਂ ਖਾਦ ਨੂੰ ਖੇਤ ਵਿਚ ਮਿਲਾਇਆ ਜਾਂਦਾ ਹੈ ਤਾਂ ਉਹ ਮਿੱਟੀ ਵਿਚ ਕਾਫੀ ਡੂੰਘਾਈ ਤੱਕ ਚਲਾ ਜਾਂਦਾ ਹੈ ਅਤੇ ਫਿਰ ਦੂਸਰੇ ਰਸਤੇ ਰਾਹੀਂ ਵਾਪਸ ਆਉਂਦਾ ਹੈ । ਇਸ ਪ੍ਰਕਾਰ ਇਸ ਨਿਰੰਤਰ ਹੋਣ ਵਾਲੀ ਪ੍ਰਕਿਰਿਆ ਰਾਹੀਂ ਇਹ ਖੇਤ ਦੀ ਮਿੱਟੀ ਵਿਚ ਅਨੇਕਾਂ ਛੋਟੇ-ਛੋਟੇ ਛੇਕ ਕਰ ਦਿੰਦਾ ਹੈ ਜਿਸ ਨਾਲ ਮਿੱਟੀ ਭੁਰਪੁਰੀ ਹੋ ਜਾਂਦੀ ਹੈ ਅਤੇ ਪੌਦਿਆਂ ਦੇ ਬਿਲਕੁਲ ਨੇੜੇ ਇਕ ਢੁੱਕਵਾਂ ਵਾਤਾਵਰਣ ਤਿਆਰ ਹੋ ਜਾਂਦਾ ਹੈ । ਪੌਦਿਆਂ ਨੂੰ ਖਾਦ, ਪਾਣੀ ਅਤੇ ਪੋਸ਼ਕ ਤੱਤਾਂ ਦੀ ਉਪਲਬਧਤਾ ਵਧ ਜਾਂਦੀ ਹੈ । ਇਸ ਤੋਂ ਇਲਾਵਾ ਇਹ ਜੜ੍ਹਾਂ ਦੇ ਵਾਧੇ ਅਤੇ ਫੈਲਾਅ ਵਿਚ ਵੀ ਫਾਇਦੇਮੰਦ ਹੈ । ਇਸ ਤੋਂ 3% ਨਾਈਟ੍ਰੋਜਨ, 1% ਫਾਸਫੋਰਸ ਅਤੇ 1.5% ਪੋਟਾਸ਼ ਮਿਲਦੀ ਹੈ । ਇਸਦੀ ਵਰਤੋਂ ਨਾਲ ਲਾਭਦਾਇਕ ਜੀਵਾਣੂਆਂ, ਨਾਈਟ੍ਰੋਜਨ ਫਿਕਸਿੰਗ ਬੈਕਟੀਰੀਆ ਅਤੇ ਐਕਟੀਨੋਮਾਈਟਸ ਦੀ ਸੰਖਿਆ ਵਧਦੀ ਹੈ ।

★ **ਹਰੀਖਾਦ** : ਅਜੋਕੇ ਸਮੇਂ ਵਿਚ ਜਿਸ ਤਰ੍ਹਾਂ ਲਗਾਤਾਰ ਮਿੱਟੀ ਖਰਾਬ ਹੋ ਰਹੀ ਹੈ । ਉਸਨੂੰ ਬਚਾਉਣ ਜਾਂ ਸੁਧਾਰਨ ਦਾ ਹੱਲ ਹੈ-ਹਰੀਖਾਦ । ਇਹ ਮਿੱਟੀ ਦੇ ਪੋਸ਼ਕ ਤੱਤ ਵਧਾਉਣ ਵਿਚ ਬਹੁਤ ਜ਼ਿਆਦਾ ਮਦਦਗਾਰ ਹੈ । ਫਲੀਦਾਰ ਫਸਲਾਂ ਦੀ ਕਾਸ਼ਤ ਕਰਕੇ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਉਤਪਾਦਨ ਸ਼ਕਤੀ ਦੋਨਾਂ ਨੂੰ ਵਧਾਇਆ ਜਾ ਸਕਦਾ ਹੈ । ਕਿਉਂਕਿ ਇਹਨਾਂ ਫਸਲਾਂ ਦੀਆਂ ਜੜ੍ਹਾਂ ਉੱਪਰ ਛੋਟੀਆਂ-ਛੋਟੀਆਂ ਗੰਢਾਂ ਮੌਜੂਦ ਹੁੰਦੀਆਂ ਹਨ ਜਿਸ ਵਿਚ ਮੌਜੂਦ ਰਾਈਜ਼ੋਬੀਅਮ ਬੈਕਟੀਰੀਆ ਹਵਾ ਅਤੇ ਮਿੱਟੀ ਵਿਚਲੀ ਨਾਈਟ੍ਰੋਜਨ ਪੌਦਿਆਂ ਨੂੰ ਉਪਲਬਧ ਕਰਾਉਣ ਦਾ ਕੰਮ ਕਰਦਾ ਹੈ । ਇਸ ਤੋਂ ਇਲਾਵਾ ਇਹ ਮਿੱਟੀ ਵਿਚਲੇ ਜੈਵਿਕ ਮਾਦੇ ਵਿਚ ਵੀ ਵਾਧਾ ਕਰਦਾ ਹੈ । ਇਸ ਲਈ ਕਿਸਾਨਾਂ ਨੂੰ ਸਮੇਂ-ਸਮੇਂ ਤੇ ਹਰੀ ਖਾਦ ਦੀ ਕਾਸ਼ਤ ਕਰਨ ਲਈ ਉਤਸ਼ਾਹਿਤ ਵੀ ਕੀਤਾ ਜਾਂਦਾ ਹੈ । ਇਸਨੂੰ ਦੋ ਤਰ੍ਹਾਂ ਨਾਲ ਕੀਤਾ ਜਾਂਦਾ ਹੈ । ਇਕ ਫਲੀਦਾਰ ਫਸਲਾਂ ਨੂੰ ਖੇਤਾਂ ਵਿਚ ਉਗਾ ਕੇ ਅਤੇ ਵੱਡੀ ਹੋਣ ਉੱਪਰ ਖੇਤ ਵਿਚ ਮਿਲਾਉਣਾ ਅਤੇ ਦੂਸਰਾ ਖਾਦ ਵਾਲੀਆਂ ਫਸਲਾਂ ਨੂੰ ਅਲੱਗ-ਅਲੱਗ ਜਗ੍ਹਾ ਤੋਂ ਇਕੱਠਾ ਕਰਕੇ ਖੇਤ ਵਿਚ ਮਿਲਾਉਣਾ । ਹਰੀ ਖਾਦ ਲਈ ਢੈਂਚਾ, ਮੂੰਗੀ, ਲੋਬੀਆ, ਸਣ ਅਤੇ ਗਵਾਰ ਆਦਿ ਪ੍ਰਮੁੱਖ ਫਸਲਾਂ ਹਨ ।

**ਜੈਵਿਕ ਖੇਤੀ ਨੂੰ ਕਿਵੇਂ ਵਧਾਈਏ :**

ਸਮੇਂ ਦੀ ਮੰਗ ਨੂੰ ਦੇਖਦੇ ਹੋਏ ਜੈਵਿਕ ਖੇਤੀ ਅਤੇ ਜੈਵਿਕ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ । ਇਨ੍ਹਾਂ ਕਿਸਾਨਾਂ ਨੂੰ ਸਨਮਾਨਿਤ ਵੀ ਕਰਨਾ ਚਾਹੀਦਾ ਹੈ ਤਾਂ ਜੋ ਬਾਕੀ ਕਿਸਾਨਾਂ ਨੂੰ ਉਤਸ਼ਾਹ ਮਿਲੇ । ਅੱਜ ਕੱਲ੍ਹ ਕ੍ਰਿਸ਼ੀ ਵਿਗਿਆਨ ਕੇਂਦਰਾਂ ਦੇ ਮਾਧਿਅਮ ਰਾਹੀਂ ਕਿਸਾਨਾਂ ਨੂੰ ਜੈਵਿਕ ਖੇਤੀ ਦੇ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਇਸ ਨਾਲ ਸਬੰਧਿਤ ਤਕਨੀਕੀ ਜਾਣਕਾਰੀ ਵੀ ਮੁਹੱਈਆ ਕਰਵਾਈ ਜਾ ਰਹੀ ਹੈ ।

**ਜੈਵਿਕ ਖੇਤੀ ਦੀਆਂ ਚੁਣੌਤੀਆਂ :**

ਜੈਵਿਕ ਖੇਤੀ ਵਿਚ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ :

★ ਬਜ਼ਾਰ ਵਿਚ ਅਨਿਯਮਿਤਤਾਂ ਦੇ ਕਾਰਨ ਖੇਤੀ ਉੱਦਮੀਆਂ ਲਈ ਜੈਵਿਕ ਉਤਪਾਦਾਂ ਨੂੰ ਵੇਚਣਾ ਕਾਫੀ ਚੁਣੌਤੀਪੂਰਨ ਕੰਮ ਹੈ ।

★ ਜੈਵਿਕ ਉਤਪਾਦਾਂ ਦਾ ਉੱਚਿਤ ਮੁੱਲ ਨਾ ਮਿਲਣਾ ।

★ ਜੈਵਿਕ ਉਤਪਾਦਾਂ ਦਾ ਬਜ਼ਾਰੀਕਰਨ ਪ੍ਰਕਿਰਿਆ ਕਿਸਾਨਾਂ ਲਈ ਇਕ ਚੁਣੌਤੀ ਦਾ ਵਿਸ਼ਾ ਹੈ ।

# ਮਿਆਰੀ ਝਾੜ ਲਈ ਸਾਉਣੀ ਦੀਆਂ ਫਸਲਾਂ ਵਿਚ ਸੂਖਮ ਤੱਤਾਂ ਦੀ ਘਾਟ ਪੂਰਾ ਕਰੋ

ਕਿਸਾਨ ਵੀਰਾਂ ਨੂੰ ਫਸਲਾਂ ਦੀ ਬਿਜਾਈ ਤੋਂ ਪਹਿਲਾਂ ਖੇਤਾਂ ਦੀ ਮਿੱਟੀ ਪਰਖ ਕਰਵਾ ਲੈਣੀ ਚਾਹੀਦੀ ਹੈ ਤਾਂ ਜੋ ਜ਼ਮੀਨ ਦੀ ਘਾਟ ਵਾਲੇ ਸੂਖਮ ਤੱਤਾਂ ਦੀ ਸਮੇਂ ਸਿਰ ਪੂਰਤੀ ਕੀਤੀ ਜਾ ਸਕੇ । ਪਰ ਜੇਕਰ ਮਿੱਟੀ ਪਰਖ ਨਹੀਂ ਕਰਵਾਈ, ਤਾਂ ਫਸਲਾਂ ਤੇ ਇਹਨਾਂ ਸੂਖਮ ਤੱਤਾਂ ਦੀ ਘਾਟ ਨੂੰ ਪਛਾਣ ਕੇ ਪੂਰਤੀ ਕਰ ਲੈਣੀ ਚਾਹੀਦੀ ਹੈ ।



**ਮੱਕੀ** : ਮੱਕੀ ਵਿਚ ਜ਼ਿੰਕ ਦੀ ਘਾਟ ਫਸਲ ਉੱਗਣ ਤੋਂ 2 ਹਫਤਿਆਂ ਬਾਅਦ ਬੂਟੇ ਦੇ ਉੱਪਰੋਂ ਦੂਜੇ ਜਾਂ ਤੀਜੇ ਪੱਤੇ ਦੇ ਮੁੱਢ ਵੱਲ ਸਫੈਦ ਜਾਂ ਹਲਕੇ ਪੀਲੇ ਰੰਗ ਦੀ ਪੱਟੀ ਦੇ ਰੂਪ ਵਿਚ ਨਜ਼ਰ ਆਉਂਦੀ ਹੈ । ਜ਼ਿੰਕ ਦੀ ਘਾਟ ਨਾਲ ਬੂਟੇ ਮਧਰੇ ਰਹਿ ਜਾਂਦੇ ਹਨ ਅਤੇ ਗੰਢਾਂ ਨੇੜੇ-ਨੇੜੇ ਰਹਿ ਜਾਂਦੀਆਂ ਹਨ । ਛੱਲੀਆਂ ਦਾ ਬੂਰ ਅਤੇ ਸੂਤ ਨਿਕਲਣ ਵਿਚ ਦੇਰੀ ਹੋ ਜਾਂਦੀ ਹੈ ।

ਜ਼ਿੰਕ ਦੀ ਪੂਰਤੀ ਲਈ ਬਿਜਾਈ ਵੇਲੇ ਹੀ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਲਗਭਗ ਇੰਨ੍ਹੀ ਹੀ ਸੁੱਕੀ ਮਿੱਟੀ ਵਿਚ ਰਲਾ ਕੇ ਮੱਕੀ ਦੀਆਂ ਕਤਾਰਾਂ ਦੇ ਨਾਲ-ਨਾਲ ਪਾਓ, ਅਤੇ ਗੋਡੀ ਕਰਕੇ ਜ਼ਮੀਨ ਵਿਚ ਰਲਾਉਣ ਮਗਰੋਂ ਪਾਣੀ ਲਾ ਦਿਓ । ਜ਼ਿੰਕ ਦੀ ਪੂਰਤੀ, ਜ਼ਿੰਕ ਸਲਫੇਟ ਦੇ ਘੋਲ ਦਾ ਛਿੜਕਾਅ ਕਰਕੇ ਵੀ ਕੀਤੀ ਜਾ ਸਕਦੀ ਹੈ । ਇਹ ਘੋਲ 1200 ਗ੍ਰਾਮ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ ਅਤੇ 600 ਗ੍ਰਾਮ ਅਣਬੁਝਿਆ ਚੂਨਾ, 200 ਲਿਟਰ ਪਾਣੀ ਵਿਚ ਘੋਲ ਕੇ ਤਿਆਰ ਕਰੋ ।



**ਕਮਾਦ** : ਹਲਕੀਆਂ ਜ਼ਮੀਨਾਂ ਵਿਚ ਕਮਾਦ ਦੀ ਫਸਲ ਉੱਪਰ ਲੋਹੇ ਦੀ ਘਾਟ ਵੀ ਵੇਖਣ ਵਿਚ ਆਉਂਦੀ ਹੈ । ਕਮਾਦ ਵਿਚ ਲੋਹੇ ਤੱਤ ਦੀ ਘਾਟ ਕਾਰਨ ਨਵੀਆਂ ਪੱਤੀਆਂ ਦੀਆਂ ਹਰੀਆਂ ਨਾੜੀਆਂ ਦੇ ਵਿਚਕਾਰ ਪੀਲੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ ਅਤੇ ਬਾਅਦ ਵਿਚ ਨਾੜੀਆਂ ਵੀ ਪੀਲੀਆਂ ਹੋਣ ਲੱਗ ਪੈਂਦੀਆਂ ਹਨ । ਲੋਹੇ ਦੀ ਬਹੁਤੀ ਘਾਟ ਵਾਲੀਆਂ ਜ਼ਮੀਨਾਂ ਵਿਚ ਪੱਤੇ ਸਫੈਦ ਰੰਗ ਦੇ ਹੋ ਜਾਂਦੇ ਹਨ ਅਤੇ ਬੂਟਾ ਸਧਾਰਨ ਨਾਲੋਂ ਛੋਟੇ ਆਕਾਰ ਦਾ ਰਹਿ ਜਾਂਦਾ ਹੈ । ਜਦੋਂ ਵੀ ਫਸਲ 'ਤੇ ਇਹ ਨਿਸ਼ਾਨੀਆਂ ਨਜ਼ਰ ਆਉਣ, ਉਸ ਵੇਲੇ ਫੈਰਸ ਸਲਫੇਟ ਦੇ 1.0% ਘੋਲ ਦੇ ਹਫਤੇ-ਹਫਤੇ ਦੇ ਵਕਫੇ ਤੇ 2-3 ਵਾਰ ਛਿੜਕਾਅ ਕਰੋ । ਫੈਰਸ ਸਲਫੇਟ ਦਾ ਇਹ ਘੋਲ ਤਿਆਰ ਕਰਨ ਲਈ 1 ਕਿਲੋ ਫੈਰਸ ਸਲਫੇਟ ਖਾਦ ਨੂੰ 100 ਲੀਟਰ ਪਾਣੀ ਵਿਚ ਘੋਲੋ ।

ਰਮਿੰਦਰ ਕੌਰ ਹੁੰਦਲ, ਪ੍ਰਿਤਪਾਲ ਸਿੰਘ ਅਤੇ ਬਿਕਰਮਜੀਤ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਅੰਮ੍ਰਿਤਸਰ, ਮੋਬਾਇਲ : 84271-55533

# ਸਾਡੇ ਸੁਪਨਿਆਂ ਦਾ ਪੰਜਾਬ ਸਿਰਜ ਰਹੇ ਹਾਂ

ਅੱਜ ਭਾਰਤ 78ਵਾਂ ਆਜ਼ਾਦੀ ਦਿਹਾੜਾ ਮਨਾ ਰਿਹਾ ਹੈ। ਇਹ ਸਾਡੇ ਸਾਰਿਆਂ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਇਨ੍ਹਾਂ ਸਾਲਾਂ ਦੌਰਾਨ ਸਾਡਾ ਮੁਲਕ ਅਮਨ-ਸ਼ਾਂਤੀ ਅਤੇ ਤਰੱਕੀ ਪ੍ਰਤੀ ਦ੍ਰਿੜ੍ਹ ਵਚਨਬੱਧਤਾ ਨਾਲ ਵਿਸ਼ਵ ਦੀ ਸਭ ਤੋਂ ਵੱਡੀ ਜਮਹੂਰੀਅਤ ਬਣ ਕੇ ਉੱਭਰਿਆ ਹੈ।

ਇਸ ਇਤਿਹਾਸਕ ਮੌਕੇ 'ਤੇ ਮੈਂ ਦੇਸ਼ ਵਾਸੀਆਂ ਖਾਸ ਕਰਕੇ ਪੰਜਾਬ ਅਤੇ ਦੇਸ਼-ਵਿਦੇਸ਼ ਵਿੱਚ ਰਹਿੰਦੇ ਸਮੂਹ ਪੰਜਾਬੀਆਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਵਧਾਈ ਦਿੰਦਾ ਹਾਂ ਅਤੇ ਉਨ੍ਹਾਂ ਦੀ ਚੰਗੀ ਸਿਹਤ ਅਤੇ ਰੌਸ਼ਨ ਭਵਿੱਖ ਲਈ ਖੁਸ਼ਹਾਲ ਜੀਵਨ ਦੀ ਕਾਮਨਾ ਕਰਦਾ ਹਾਂ। ਇਸ ਪਵਿੱਤਰ ਮੌਕੇ ਕੌਮੀ ਆਜ਼ਾਦੀ ਸੰਘਰਸ਼ ਦੌਰਾਨ ਲਾਮਿਸਾਲ ਕੁਰਬਾਨੀ ਕਰਨ ਵਾਲੇ ਜਾਣੇ ਤੇ ਅਣਜਾਣੇ ਮਹਾਨ ਨਾਇਕਾਂ ਨੂੰ ਸਿਰ ਝੁਕਾ ਕੇ ਸਤਿਕਾਰ ਭੇਟ ਕਰਦਾਂ ਹਾਂ।

ਭਾਰਤ ਦੀ ਆਜ਼ਾਦੀ ਦਾ ਬਿਖਮ ਪੈਂਡਾ ਸੀ ਪਰ ਇਸ ਆਜ਼ਾਦੀ ਨੂੰ ਕਾਇਮ ਰੱਖਣਾ ਉਸ ਤੋਂ ਵੀ ਵੱਧ ਔਖਾ ਹੈ ਕਿਉਂਕਿ ਅਸੀਂ ਫਿਰਕਾਪ੍ਰਸਤੀ, ਅੱਤਵਾਦ, ਅਨਪੜ੍ਹਤਾ, ਗੁਰਬਤ ਅਤੇ ਬੇਰੁਜ਼ਗਾਰੀ ਵਰਗੀਆਂ ਚੁਣੌਤੀਆਂ ਨਾਲ ਸਿੱਝ ਰਹੇ ਹਾਂ। ਅਸੀਂ ਇਨ੍ਹਾਂ ਚੁਣੌਤੀਆਂ ਵਿੱਚੋਂ ਉੱਭਰ ਰਹੇ ਹਾਂ ਜਿਸ ਦਾ ਸਿਹਰਾ ਭਾਰਤ ਅਤੇ ਇੱਥੋਂ ਦੇ ਬਾਸ਼ਿੰਦਿਆਂ ਦੇ ਸਿਰ ਬੱਝਦਾ ਹੈ ਅਤੇ ਏਸੇ ਕਰਕੇ ਸਾਡਾ ਦੇਸ਼ ਦੁਨੀਆ ਭਰ ਵਿੱਚ ਸਭ ਤੋਂ ਵੱਡੀ ਜਮਹੂਰੀਅਤ ਵਜੋਂ ਕਾਰਜਸ਼ੀਲ ਹੈ। ਆਓ, ਅੱਜ ਦੇ ਇਸ ਮੌਕੇ ਦੇਸ਼ ਦੀ ਆਜ਼ਾਦੀ ਦੇ ਸੁਪਨੇ ਨੂੰ ਸਾਕਾਰ ਕਰਨ ਵਾਲੇ ਨਾਇਕਾਂ ਦੀ ਦੂਰਅੰਦੇਸ਼ ਸੋਚ ਉਤੇ ਪਹਿਰਾ ਦੇਣ ਲਈ ਅਸੀਂ ਆਪਣੇ-ਆਪ ਨੂੰ ਮੁੜ ਸਮਰਪਿਤ ਕਰੀਏ।

ਪੰਜਾਬ ਕੋਲ ਇਸ ਦਿਨ ਨੂੰ ਸ਼ਰਧਾ ਤੇ ਸਤਿਕਾਰ ਨਾਲ ਮਨਾਉਣ ਦੇ ਬਹੁਤ ਸਾਰੇ ਕਾਰਨ ਹਨ ਕਿਉਂਕਿ ਇਸ ਸੱਚ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਮਹਾਨ ਦੇਸ਼ ਦੇ ਆਜ਼ਾਦੀ ਅੰਦੋਲਨ ਵਿੱਚ ਪੰਜਾਬ ਨੇ ਲਾਮਿਸਾਲ ਯੋਗਦਾਨ ਪਾਇਆ ਕਿਉਂ ਜੋ ਆਜ਼ਾਦੀ ਖਾਤਰ ਮਹਾਨ ਕੁਰਬਾਨੀਆਂ ਦੇਣ ਵਾਲੇ ਯੋਧਿਆਂ ਵਿੱਚ 80 ਫੀਸਦੀ ਪੰਜਾਬੀ ਸਨ। ਇਸ ਤੱਥ ਦੇ ਬਾਵਜੂਦ ਕਿ ਪੰਜਾਬੀਆਂ ਦੀ ਆਬਾਦੀ ਦੇਸ਼ ਦੀ ਕੁੱਲ ਵਸੋਂ ਦੀ ਮਹਿਜ਼ ਢਾਈ ਫੀਸਦੀ ਹੈ। ਇੱਥੇ ਮੈਂ ਬਹੁਤ ਹੀ ਫਖਰ ਨਾਲ ਕੌਮੀ ਆਜ਼ਾਦੀ ਅੰਦੋਲਨ ਵਿੱਚ ਪੰਜਾਬੀਆਂ ਦੀ ਵਿਲੱਖਣ ਅਤੇ ਮਿਸਾਲੀ ਭੂਮਿਕਾ ਨੂੰ ਚੇਤੇ ਕਰਦਾ ਹੋਇਆ ਮਾਤ ਭੂਮੀ ਦੀ ਖਾਤਰ ਨਿਰਸਵਾਰਥ ਕੁਰਬਾਨੀਆਂ ਕਰਨ ਵਾਲੇ ਸੂਰਬੀਰਾਂ ਨੂੰ ਸਿਜਦਾ ਕਰਦਾ ਹਾਂ।

ਅਸਲ ਵਿੱਚ ਸਦੀਆਂ ਪੁਰਾਣੇ ਬਰਤਾਨਵੀ ਸਾਮਰਾਜ ਦਾ ਜੂਲਾ ਲਾਹੁਣ ਲਈ ਬਹਾਦਰ ਪੰਜਾਬੀਆਂ ਨੇ ਵੱਖ-ਵੱਖ ਲਹਿਰਾਂ ਦੀ ਅਗਵਾਈ ਕੀਤੀ। ਭਾਈ ਮਹਾਰਾਜ ਸਿੰਘ ਪਹਿਲੇ ਪੰਜਾਬੀ ਯੋਧੇ ਸਨ ਜਿਨ੍ਹਾਂ ਨੇ ਇਸ ਨੇਕ ਕਾਰਜ ਲਈ ਆਪਣੀ ਜਾਨ ਵਤਨ ਖਾਤਰ ਨਿਛਾਵਰ ਕਰ ਦਿੱਤੀ ਸੀ। ਪੰਜਾਬ ਦੇ ਮਹਾਨ ਨਾਇਕ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ, ਲਾਲਾ ਲਾਜਪਤ ਰਾਏ, ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਦੀਵਾਨ ਸਿੰਘ ਕਾਲੇਪਾਣੀ, ਬਾਬਾ ਰਾਮ ਸਿੰਘ, ਸੋਹਣ ਸਿੰਘ ਭਕਨਾ ਅਤੇ ਹੋਰ ਦੇਸ਼ ਭਗਤਾਂ ਨੇ ਆਜ਼ਾਦੀ ਦੇ ਟੀਚੇ ਨੂੰ ਸਰ ਕਰ ਲਈ ਆਪਣੇ ਲਹੂ ਦਾ ਕਤਰਾ-ਕਤਰਾ ਵਹਾਇਆ। ਅੱਜ ਦੇ ਇਸ ਮੌਕੇ ਕੂਕਾ ਲਹਿਰ, ਗਦਰ ਲਹਿਰ, ਬੱਬਰ ਅਕਾਲੀ ਲਹਿਰ, ਕਾਮਾਗਾਟਾਮਾਰੂ, ਕਿਸਾਨ ਅੰਦੋਲਨ, ਜਲਿਆਂਵਾਲਾ ਬਾਗ ਦਾ ਸਾਕਾ, ਗੁਰਦੁਆਰਾ ਆਜ਼ਾਦ ਲਹਿਰ ਅਤੇ ਜੈਤੋ ਮੋਰਚਾ ਸਾਨੂੰ ਭਾਰਤੀ ਆਜ਼ਾਦੀ ਸੰਘਰਸ਼ ਵਿੱਚ ਪੰਜਾਬ ਦੇ ਅਹਿਮ ਯੋਗਦਾਨ ਦੀ ਯਾਦ ਦਿਵਾਉਂਦਾ ਹੈ।

ਸਿਰਫ ਏਨਾ ਹੀ ਨਹੀਂ, ਸਰਹੱਦੀ ਸੂਬਾ ਹੋਣ ਦੇ ਨਾਤੇ ਪੰਜਾਬ ਨੂੰ ਦੇਸ਼ ਦੇ ਬਟਵਾਰੇ ਦਾ ਸਭ ਤੋਂ ਵੱਧ ਸੰਤਾਪ ਵੀ ਹੰਢਾਉਣਾ ਪਿਆ। ਜਦੋਂ ਬਾਕੀ ਮੁਲਕ ਆਜ਼ਾਦੀ ਦੇ ਜਸ਼ਨਾਂ ਵਿੱਚ ਡੁੱਬਿਆ ਹੋਇਆ ਸੀ ਤਾਂ ਉਸ ਵੇਲੇ ਪੰਜਾਬ '47 ਦੀ ਹਿੰਸਕ ਵੰਡ ਦੀ ਪੀੜਾ ਵਿੱਚੋਂ ਗੁਜ਼ਰ ਰਿਹਾ ਸੀ ਜਿਸ ਵਿੱਚ ਲੱਖਾਂ ਪੰਜਾਬੀ ਮੌਤ ਦੀ ਭੇਟ ਚੜ੍ਹ ਗਏ, ਲੱਖਾਂ ਪੰਜਾਬੀ ਬੇਘਰ ਹੋ ਗਏ ਅਤੇ ਬਹੁਤ ਸਾਰੇ ਆਪਣੀ ਜ਼ਮੀਨ-ਜਾਇਦਾਦ ਤੋਂ ਮਹਿਰੂਮ ਹੋ ਗਏ। ਇਸ ਸਭ ਦੇ ਬਾਵਜੂਦ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਬੜੀ ਘਾਲਣਾ ਘਾਲ ਕੇ ਹਾਸਲ ਕੀਤੀ ਦੇਸ਼ ਦੀ ਪ੍ਰਭੂਸੱਤਾ ਦੀ ਰਾਖੀ ਕਰਨ ਅਤੇ ਮੁਲਕ ਦੇ ਸਰਬਪੱਖੀ ਵਿਕਾਸ ਲਈ ਪੰਜਾਬ ਦਾ ਸ਼ਾਨਦਾਰ ਯੋਗਦਾਨ ਹੈ ਜਿਸ ਦੀ ਮੈਂ ਦਿਲੋਂ ਸ਼ਲਾਘਾ ਕਰਦਾ ਹਾਂ। ਜਦੋਂ ਵੀ ਕਦੇ ਦੇਸ਼ ਉਤੇ ਖਤਰੇ ਦੇ ਬੱਦਲ ਮੰਡਰਾਉਂਦੇ ਹਨ ਤਾਂ ਇਸ ਦੇ ਮਾਣ-ਸਨਮਾਨ ਦੀ ਹਿਫਾਜ਼ਤ ਲਈ ਪੰਜਾਬ ਦੇ ਬਹਾਦਰ ਲੋਕ ਹਿੱਕ ਡਾਹ ਕੇ ਮੋਹਰੀ ਕਤਾਰ ਵਿੱਚ ਖੜ੍ਹੇ ਹੁੰਦੇ ਹਨ।

ਇਸ ਤੱਥ ਤੋਂ ਹਰ ਕੋਈ ਵਾਕਫ ਹੈ ਕਿ ਪੰਜਾਬ ਦੇ ਮਿਹਨਤਕਸ਼ ਕਿਸਾਨਾਂ ਨੇ ਅਨਾਜ ਦੀ ਪੈਦਾਵਰ ਵਿੱਚ ਦੇਸ਼ ਨੂੰ ਆਤਮ ਨਿਰਭਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਦੇਸ਼ ਦੀ ਆਜ਼ਾਦੀ ਦੇ 77 ਸਾਲ ਬੀਤ ਜਾਣ ਦੇ ਬਾਵਜੂਦ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਬਾਬਾ ਸਾਹਿਬ ਡਾਕਟਰ ਬੀ.ਆਰ. ਅੰਬੇਦਕਰ ਵਰਗੇ ਮਹਾਨ ਕੌਮੀ ਨਾਇਕਾਂ ਅਤੇ ਆਜ਼ਾਦੀ ਘੁਲਾਟੀਆਂ ਦੇ ਸੁਪਨੇ ਅਜੇ ਅਧੂਰੇ ਹਨ। ਆਜ਼ਾਦੀ ਤੋਂ ਬਾਅਦ ਸੂਬੇ ਵਿੱਚ ਦਹਾਕਿਆਂ ਤੋਂ ਸਮੇਂ-ਸਮੇਂ ਸੱਤਾ ਹੰਢਾਉਣ ਵਾਲੀਆਂ ਸਰਕਾਰਾਂ ਤੋਂ ਲੋਕਾਂ ਨੂੰ ਬਹੁਤ ਸਾਰੀਆਂ ਆਸਾਂ-ਉਮੀਦਾਂ ਸਨ ਪਰ ਇਹ ਉਮੀਦਾਂ ਵੀ ਹਕੀਕਤ ਵਿੱਚ ਨਾ ਬਦਲ ਸਕੀਆਂ ਕਿਉਂਕਿ ਸੂਬੇ ਵਿੱਚ ਭ੍ਰਿਸ਼ਟਾਚਾਰ, ਗੁਰਬਤ, ਬੇਰੋਜ਼ਗਾਰੀ ਅਤੇ ਹੋਰ ਬਹੁਤ ਸਾਰੀਆਂ ਅਲਾਮਤਾਂ ਨੇ ਡੂੰਘੀਆਂ ਜੜ੍ਹਾਂ ਲਾਈਆਂ ਹੋਈਆਂ ਹਨ।



ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਦੇ ਪਹਿਲੇ ਦਿਨ ਤੋਂ ਲੈ ਕੇ ਸਾਡੇ ਮਹਾਨ ਸੁਤੰਤਰ ਸੈਨਾਨੀਆਂ ਦੀਆਂ ਖਾਹਿਸ਼ਾਂ ਨੂੰ ਪੂਰਾ ਕਰਨ ਲਈ ਸਮਰਪਿਤ ਭਾਵਨਾ ਨਾਲ ਯਤਨ ਕੀਤੇ ਜਾ ਰਹੇ ਹਨ। ਸਾਡੀ ਸਰਕਾਰ ਦੀਆਂ ਇਨ੍ਹਾਂ ਕੋਸ਼ਿਸ਼ਾਂ ਸਦਕਾ ਪੰਜਾਬ ਅੱਜ ਮੁਲਕ ਦੇ ਮੋਹਰੀ ਸੂਬੇ ਵਜੋਂ ਉੱਭਰਿਆ ਹੈ ਅਤੇ ਸੂਬੇ ਵਿੱਚ ਤਰੱਕੀ, ਖੁਸ਼ਹਾਲੀ ਅਤੇ ਅਮਨ-ਸ਼ਾਂਤੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਦੇਖੀ ਜਾ ਸਕਦੀ ਹੈ। ਲੋਕਾਂ ਨੂੰ ਸਾਫ-ਸੁਥਰਾ, ਜੁਆਬਦੇਹ ਅਤੇ ਪਾਰਦਰਸ਼ੀ ਸ਼ਾਸਨ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਸੂਬੇ ਵਿੱਚ ਨਵੇਂ ਇਨਕਲਾਬ ਦਾ ਮੁੱਢ ਬੱਝਾ ਹੈ ਅਤੇ ਅਸੀਂ ਪੰਜਾਬ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਾਂ।

ਮੇਰੀ ਸਰਕਾਰ ਨੇ ਲੋਕ ਭਲਾਈ ਪ੍ਰੋਗਰਾਮ ਅਤੇ ਸਕੀਮਾਂ ਚਲਾਉਣ ਦੇ ਨਾਲ-ਨਾਲ ਕਈ ਵਿਕਾਸ ਮੁਖੀ ਉਪਰਾਲੇ ਕੀਤੇ ਹਨ ਤਾਂ ਕਿ ਦੇਸ਼ ਦਾ ਨਿਰਮਾਣ ਕਰਨ ਵਾਲੀਆਂ ਸ਼ਖਸੀਅਤਾਂ ਦੇ ਸੁਪਨੇ ਸਾਕਾਰ ਹੋਣ ਅਤੇ ਲੋਕ ਸਹੀ ਮਾਅਨਿਆਂ ਵਿੱਚ ਆਜ਼ਾਦੀ ਦੀ ਨਿੱਘ ਮਾਣ ਸਕਣ।

ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਨੇ ਸੂਬਾ ਭਰ ਵਿੱਚ 842 ਆਮ ਆਦਮੀ ਕਲੀਨਿਕ ਸਥਾਪਤ ਕੀਤੇ ਹਨ ਜਿਨ੍ਹਾਂ ਨੇ ਸਿਹਤ ਖੇਤਰ ਵਿੱਚ ਨਵੀਂ ਕ੍ਰਾਂਤੀ ਦੀ ਨੀਂਹ ਰੱਖੀ ਹੈ। ਹੁਣ ਤੱਕ 2 ਕਰੋੜ ਤੋਂ ਵੱਧ ਲੋਕ ਇਨ੍ਹਾਂ ਕਲੀਨਿਕਾਂ ਦਾ ਲਾਭ ਲੈ ਚੁੱਕੇ ਹਨ ਅਤੇ ਇਨ੍ਹਾਂ ਕਲੀਨਿਕਾਂ ਵਿੱਚ ਹਰ ਰੋਜ਼ ਆਉਂਦੇ 95 ਫੀਸਦੀ ਮਰੀਜ਼ ਆਪਣੀਆਂ ਬਿਮਾਰੀਆਂ ਤੋਂ ਛੁਟਕਾਰਾ ਪਾ ਚੁੱਕੇ ਹਨ। ਸੂਬੇ ਦਾ ਹਰ ਤੀਜਾ ਵਿਅਕਤੀ ਇਨ੍ਹਾਂ ਕਲੀਨਿਕਾਂ ਦਾ ਲਾਭ ਲੈ ਚੁੱਕਾ ਹੈ।

ਸੂਬਾ ਸਰਕਾਰ ਸਿਹਤ ਖੇਤਰ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਹਾਲ ਹੀ ਵਿੱਚ 58 ਹਾਈ-ਟੈੱਕ ਐਂਬੂਲੈਂਸਾਂ ਲੋਕਾਂ ਨੂੰ ਸਮਰਪਿਤ ਕੀਤੀਆਂ ਗਈਆਂ ਹਨ ਤਾਂ ਕਿ ਸੰਕਟ ਦੀ ਘੜੀ ਵਿੱਚ ਫੌਰੀ ਮਦਦ ਕੀਤੀ ਜਾ ਸਕੇ। ਇਨ੍ਹਾਂ ਐਂਬੂਲੈਂਸ ਦੇ ਫਲੀਟ ਨਾਲ ਕੁੱਲ 325 ਐਂਬੂਲੈਂਸਾਂ ਸੂਬਾ ਭਰ ਵਿੱਚ ਲੋਕਾਂ ਦੀ ਸੇਵਾ ਵਿੱਚ ਜੁਟੀਆਂ ਹੋਈਆਂ ਹਨ ਤਾਂ ਕਿ ਉਨ੍ਹਾਂ ਲਈ ਸਮੇਂ ਸਿਰ ਸਿਹਤ ਸੇਵਾਵਾਂ ਯਕੀਨੀ ਬਣਾਈਆਂ ਜਾ ਸਕਣ। ਇਹ ਅਤਿ-ਆਧੁਨਿਕ ਐਂਬੂਲੈਂਸਾਂ ਨੂੰ ਸ਼ਹਿਰੀ ਖੇਤਰਾਂ ਵਿੱਚ 15 ਮਿੰਟ ਅਤੇ ਪੇਂਡੂ ਖੇਤਰ ਵਿੱਚ 20 ਮਿੰਟ ਵਿੱਚ ਪਹੁੰਚਣਾ ਲਾਜ਼ਮੀ ਬਣਾਇਆ ਗਿਆ ਹੈ। ਇਹ ਬਹੁਤ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਹੁਣ ਤੱਕ ਸਿਰਫ ਇਨ੍ਹਾਂ ਐਂਬੂਲੈਂਸਾਂ ਵਿੱਚ 156 ਸੁਰੱਖਿਅਤ ਡਲਿਵਰੀਆਂ ਹੋਈਆਂ ਹਨ। ਸੂਬਾ ਸਰਕਾਰ ਦੇ ਯਤਨਾਂ ਸਦਕਾ ਮੋਹਾਲੀ ਵਿਖੇ 'ਪੰਜਾਬ ਇੰਸਟੀਚਿਊਟ ਆਫ ਲਿਵਰ ਐਂਡ ਬਿਲੀਅਰੀ ਸਾਇੰਸਜ' ਸਥਾਪਿਤ ਕੀਤਾ ਗਿਆ। ਇਹ ਆਹਲਾ ਦਰਜੇ ਦੀ ਸੰਸਥਾ ਦੇਸ਼ ਵਿੱਚ ਦੂਜੀ ਅਤੇ ਪੰਜਾਬ ਵਿੱਚ ਪਹਿਲੀ ਸੰਸਥਾ ਹੈ ਜੋ ਆਧੁਨਿਕ ਮਸ਼ੀਨਾਂ ਨਾਲ ਲੈਸ ਅਤੇ ਪ੍ਰਾਈਵੇਟ ਹਸਪਤਾਲਾਂ ਨੂੰ ਵੀ ਮਾਤ ਪਾਉਂਦੀ ਹੈ। ਇਸ ਤੋਂ ਇਲਾਵਾ ਸੂਬਾ ਸਰਕਾਰ ਵੱਲੋਂ 45 ਜੱਚਾ-ਬੱਚਾ ਸੰਭਾਲ ਕੇਂਦਰ ਵੀ ਸਥਾਪਤ ਕੀਤੇ ਜਾ ਰਹੇ ਹਨ।

ਪੰਜਾਬ ਸਰਕਾਰ ਨੇ ਸਾਰੇ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਵਿੱਚ ਵਿਆਪਕ ਸੁਧਾਰ ਲਿਆਉਣ ਲਈ 'ਪੰਜਾਬ ਸਿੱਖਿਆ ਕ੍ਰਾਂਤੀ' ਦੀ ਸ਼ੁਰੂਆਤ ਕੀਤੀ। ਸੂਬਾ ਸਰਕਾਰ 118 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨੂੰ 'ਸਕੂਲ ਆਫ ਐਮੀਨੈਂਸ' ਵਿੱਚ ਤਬਦੀਲ ਕਰਨ ਲਈ ਵਚਨਬੱਧ ਹੈ ਜਿੱਥੇ ਸਮਾਰਟ ਕਲਾਸਰੂਮ, ਸਹੂਲਤਾਂ ਨਾਲ ਲੈਸ ਲੈਬਾਰਟਰੀਆਂ ਅਤੇ ਅਤਿ-ਆਧੁਨਿਕ ਖੇਡ ਮੈਦਾਨ ਵਰਗੀਆਂ ਸੁਵਿਧਾਵਾਂ ਸ਼ਾਮਲ ਹਨ। ਸਰਕਾਰੀ ਸਕੂਲਾਂ ਵਿੱਚ ਪ੍ਰੀ-ਪ੍ਰਾਇਮਰੀ ਕਲਾਸਾਂ ਦੇ ਦਾਖਲਿਆਂ ਵਿੱਚ ਲਗਪਗ 17 ਫੀਸਦੀ ਵਾਧਾ ਹੋਇਆ ਹੈ। ਅਧਿਆਪਕਾਂ ਦੀ ਮੁਹਾਰਤ ਵਧਾਉਣ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਗਿਆ ਜਿਸ ਤਹਿਤ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੂੰ ਸਿਖਲਾਈ ਲਈ ਵਿਦੇਸ਼ ਭੇਜਿਆ ਜਾ ਰਿਹਾ ਹੈ ਤਾਂ ਕਿ ਉਨ੍ਹਾਂ ਨੂੰ ਅਧਿਆਪਨ ਦੇ ਆਧੁਨਿਕ ਅਮਲਾਂ ਬਾਰੇ ਸਿੱਖਿਅਤ ਕੀਤਾ ਜਾ ਸਕੇ ਤਾਂ ਜੋ ਵਿਦਿਆਰਥੀਆਂ ਨੂੰ ਕੌਮਾਂਤਰੀ ਪੱਧਰ ਦੇ ਭਵਿੱਖੀ ਮੁਕਾਬਲਿਆਂ ਬਾਰੇ ਤਿਆਰੀ ਕਰਵਾਈ ਜਾ ਸਕੇ।

ਜਦੋਂ ਮੈਂ ਮੁੱਖ ਮੰਤਰੀ ਵਜੋਂ ਸੂਬੇ ਦੀ ਵਾਗਡੋਰ ਸੰਭਾਲੀ ਸੀ ਤਾਂ ਉਸ ਵੇਲੇ ਖੇਤਾਂ ਦੀ ਸਿੰਜਾਈ ਵਾਸਤੇ ਸਿਰਫ 21 ਫੀਸਦੀ ਨਹਿਰੀ ਪਾਣੀ ਵਰਤਿਆ ਜਾ ਰਿਹਾ ਸੀ। ਇਹ ਬੜੇ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਅੱਜ ਸਿੰਜਾਈ ਲਈ 72 ਫੀਸਦੀ ਨਹਿਰੀ ਪਾਣੀ ਵਰਤਿਆ ਜਾ ਰਿਹਾ ਹੈ। ਇਸ ਨਾਲ ਕਿਸਾਨਾਂ ਨੂੰ ਟੇਲਾਂ ਉਤੇ ਨਹਿਰੀ ਪਾਣੀ ਪਹੁੰਚਾਇਆ ਗਿਆ ਜੋ ਦਹਾਕਿਆਂ ਤੋਂ ਨਹਿਰੀ ਪਾਣੀ ਤੋਂ ਵਾਂਝੇ ਸਨ। ਇਸ ਵੱਡੇ ਉਪਰਾਲੇ ਨਾਲ ਬੇਸ਼ਕੀਮਤੀ ਧਰਤੀ ਹੇਠਲੇ ਪਾਣੀ ਦੀ ਵੀ ਬੱਚਤ ਹੋਵੇਗੀ।

ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਮੇਰੀ ਸਰਕਾਰ ਨੇ ਸੂਬੇ ਵਿੱਚ ਮਾਲਵਾ ਨਹਿਰ ਦਾ ਨਿਰਮਾਣ ਕਾਰਜ ਸ਼ੁਰੂ ਕਰ ਦਿੱਤਾ ਹੈ। ਸੂਬੇ ਦੀਆਂ ਪਿਛਲੀਆਂ ਸਰਕਾਰਾਂ ਨੇ ਲੋਕਾਂ ਦੀ ਇਸ ਜ਼ਰੂਰਤ ਵੱਲ ਕਦੇ ਵੀ ਧਿਆਨ ਨਹੀਂ ਦਿੱਤਾ। ਲਗਪਗ 150 ਕਿਲੋਮੀਟਰ ਲੰਮੀ ਇਸ ਨਹਿਰ ਨਾਲ ਸੂਬੇ ਵਿੱਚ ਖਾਸ ਕਰਕੇ ਮਾਲਵਾ ਖਿੱਤੇ ਵਿੱਚ ਬੇਮਿਸਾਲ ਤਰੱਕੀ ਤੇ ਖੁਸ਼ਹਾਲੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਹੋਵੇਗੀ। ਸੂਬਾ ਸਰਕਾਰ ਇਸ ਮਾਣਮੱਤੇ ਪ੍ਰਾਜੈਕਟ ਉਤੇ 2300 ਕਰੋੜ ਰੁਪਏ ਖਰਚ ਕਰੇਗੀ ਜੋ ਸੂਬੇ ਦੀ ਤਕਰੀਬਨ 2 ਲੱਖ ਏਕੜ ਜ਼ਮੀਨ ਦੀਆਂ ਸਿੰਜਾਈ ਲੋੜਾਂ ਪੂਰੀਆਂ ਕਰੇਗੀ।

ਸੂਬਾ ਸਰਕਾਰ ਨੇ ਦੇਸ਼ ਭਰ ਵਿੱਚ ਆਪਣੀ ਕਿਸਮ ਦੀ ਪਹਿਲੀ ਸਮਰਪਿਤ ਸੜਕ ਸੁਰੱਖਿਆ ਫੋਰਸ ਕਾਇਮ ਕੀਤੀ ਹੈ ਤਾਂ ਕਿ ਸੂਬਾਈ ਤੇ ਕੌਮੀ ਸ਼ਾਹਰਾਹਾਂ ਉਤੇ ਵਾਪਰਨ ਵਾਲੇ ਸੜਕ ਹਾਦਸਿਆਂ ਵਿੱਚ ਅਜਾਈਂ ਜਾਂਦੀਆਂ ਕੀਮਤੀ ਜਾਨਾਂ ਬਚਾਈਆਂ ਜਾ ਸਕਣ ਅਤੇ ਸੁਰੱਖਿਆ ਵਧਾਈ ਜਾ ਸਕੇ। ਵਿਸ਼ੇਸ਼ ਸਿਖਲਾਈ ਪ੍ਰਾਪਤ ਨਵੇਂ ਭਰਤੀ 1597 ਮੁਲਾਜ਼ਮ ਇਸ ਫੋਰਸ ਦੀ ਰੀੜ੍ਹ ਦੀ ਹੱਡੀ ਵਜੋਂ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਅਤਿ-ਆਧੁਨਿਕ ਮਸ਼ੀਨਰੀ ਨਾਲ ਲੈਸ 144 ਵਾਹਨ ਮੁਹੱਈਆ ਕੀਤੇ ਗਏ ਹਨ। ਇਸ ਸਾਲ ਫਰਵਰੀ ਵਿੱਚ ਆਪਣੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਇਹ ਫੋਰਸ ਪਿਛਲੇ ਸਾਲ ਦੇ ਮੁਕਾਬਲੇ ਸੜਕ ਹਾਦਸਿਆਂ ਵਿੱਚ 25 ਫੀਸਦੀ ਜ਼ਿਆਦਾ ਜਾਨਾਂ ਬਚਾ ਚੁੱਕੀ ਹੈ।

ਜੈ ਹਿੰਦ



# ਏਅਰ ਕੰਡੀਸ਼ਨ ਨੂੰ ਮਾਤ ਦਿੰਦੀਆਂ ਹਰੀਆਂ ਇਮਾਰਤਾਂ

ਅਸ਼ਵਨੀ ਚਤਰਥ
ਮੋ. 6284220595

ਚੌਗਿਰਦਾ ਦੀ ਹਰਿਆਵਲ ਅਤੇ ਸਵੱਛਤਾ ਪ੍ਰਤੀ ਜਾਗਰੂਕਤਾ ਪੈਦਾ ਕਰਨ ਵਾਲੀ ਅਮਰੀਕਾ ਦੀ ਇਕ ਸੰਸਥਾ 'ਵਿਸ਼ਵ ਹਰੀਆਂ ਇਮਾਰਤਾਂ ਸਬੰਧੀ ਕੌਂਸਲ' ਵੱਲੋਂ ਸਮੁੱਚੇ ਸੰਸਾਰ ਨੂੰ ਹਰਿਆ-ਭਰਿਆ ਰੱਖਣ ਅਤੇ ਪ੍ਰਦੂਸ਼ਣ ਰਹਿਤ ਬਣਾਉਣ ਲਈ 'ਗਰੀਨ ਬਿਲਡਿੰਗਜ਼' ਭਾਵ ਹਰੀਆਂ ਇਮਾਰਤਾਂ ਨਾਂ ਦੀ ਇਕ ਧਾਰਨਾ ਦਿੱਤੀ ਗਈ ਹੈ। ਜਿਸ ਦਾ ਮੰਤਵ ਪ੍ਰਦੂਸ਼ਣ ਨੂੰ ਘੱਟ ਕਰ ਕੇ ਸਾਡੇ ਆਲੇ-ਦੁਆਲੇ ਦੀ ਆਬੋ-ਹਵਾ ਨੂੰ ਸਾਫ ਸੁਥਰਾ ਅਤੇ ਸ਼ੀਤਲ ਬਣਾਉਣਾ ਹੈ। ਹਰੀਆਂ ਇਮਾਰਤਾਂ ਕੋਈ ਵਿਸ਼ੇਸ਼ ਕਿਸਮ ਦੀਆਂ ਇਮਾਰਤਾਂ ਨਹੀਂ ਸਗੋਂ ਆਮ ਹੀ ਇਮਾਰਤਾਂ ਹੁੰਦੀਆਂ ਹਨ, ਬਸ ਫਰਕ ਸਿਰਫ ਐਨਾ ਹੁੰਦਾ ਹੈ ਕਿ ਇਨ੍ਹਾਂ ਦੀਆਂ ਕੰਧਾਂ ਅਤੇ ਖਿੜਕੀਆਂ ਉੱਤੇ ਨਿੱਕੇ-ਨਿੱਕੇ ਪੌਦੇ ਲਟਕਾਏ ਗਏ ਹੁੰਦੇ ਹਨ। ਇਹ ਬੂਟੇ ਗਮਲਿਆਂ ਵਿਚ, ਟੁੱਟੀਆਂ ਅਤੇ ਪੁਰਾਣੀਆਂ ਬੋਤਲਾਂ ਵਿਚ ਜਾਂ ਫਿਰ ਕੋਈ ਵੀ ਪੁਰਾਣੀਆਂ ਘਰੇਲੂ ਵਸਤਾਂ ਵਿਚ ਉਗਾਏ ਜਾ ਸਕਦੇ ਹਨ। ਕਈ ਵਾਰ ਤਾਂ ਸਬੰਧਿਤ ਇਮਾਰਤਾਂ ਤੋਂ ਛੋਟੀਆਂ-ਛੋਟੀਆਂ ਬਗੀਚੀਆਂ ਲਟਕਾ ਕੇ ਵੀ ਉਨ੍ਹਾਂ ਨੂੰ ਹਰੀਆਂ ਇਮਾਰਤਾਂ ਬਣਾਇਆ ਜਾਂਦਾ ਹੈ।



### ਉਸਾਰੀ ਦਾ ਮੁੱਖ ਮੰਤਵ ਵਾਤਾਵਰਨ ਦਾ ਸੰਭਾਲ

ਹਰੀਆਂ ਇਮਾਰਤਾਂ ਦੇ ਉਸਾਰਨ ਦੇ ਮੰਤਵ ਹਨ ਵਾਤਾਵਰਨ ਨੂੰ ਸਾਫ ਸੁਥਰਾ ਬਣਾਉਣਾ, ਚੌਗਿਰਦੇ ਵਿਚ ਲਗਾਤਾਰ ਵਧ ਰਹੀ ਗਰਮੀ ਨੂੰ ਘੱਟ ਕਰਨ ਲਈ ਉਪਰਾਲੇ ਕਰਨਾ, ਇਮਾਰਤ ਦੇ ਤਾਪਮਾਨ ਨੂੰ ਸਥਿਰ ਰੱਖਣਾ ਅਤੇ ਇਮਾਰਤ ਅੰਦਰ ਅੱਤ ਦੀ ਗਰਮੀ ਅਤੇ ਅੱਤ ਦੀ ਸਰਦੀ ਦੇ ਦਿਨਾਂ 'ਚ ਗਰਮੀ ਅਤੇ ਠੰਡਕ ਨੂੰ ਕੰਟਰੋਲ ਕਰਨ ਲਈ ਵਰਤੀ ਜਾਂਦੀ। ਊਰਜਾ ਦੀ ਮਾਤਰਾ ਨੂੰ ਘਟਾਉਣਾ ਆਦਿ ਦੁਨੀਆਂ ਭਰ ਵਿਚ ਹਰਿਆਵਲ ਲਹਿਰ ਲਈ ਕੰਮ ਕਰਦੇ ਉਕਤ ਅਦਾਰੇ ਵੱਲੋਂ ਇਹ ਸੁਨੇਹਾ ਦਿੱਤਾ ਗਿਆ ਹੈ ਕਿ ਦੁਨੀਆਂ ਭਰ ਦੇ ਕਿਸੇ ਵੀ ਇਲਾਕੇ ਵਿਚ ਜਿਹੜੀ ਵੀ ਕੋਈ ਨਵੀਂ ਇਮਾਰਤ ਤਿਆਰ ਕੀਤੀ ਜਾਵੇ ਉਹ ਹਰ ਪੱਖੋਂ ਪ੍ਰਦੂਸ਼ਣ ਮੁਕਤ ਤਰੀਕਿਆਂ ਨਾਲ ਬਣਾਈ ਜਾਵੇ ਅਤੇ ਉਸ ਦੀ ਵਰਤੋਂ ਦੌਰਾ ਵੀ ਪ੍ਰਦੂਸ਼ਣ ਰਹਿਣ ਢੰਗ ਤਰੀਕੇ ਹੀ ਵਰਤੇ ਜਾਣ। ਇਸੇ ਤਰ੍ਹਾਂ ਪੁਰਾਣੀਆਂ ਇਮਾਰਤਾਂ ਵਿਚ ਵੀ ਹਰਿਆਵਲ ਫੈਲਾਅ ਕੇ ਵਾਤਾਵਰਨ ਨੂੰ ਸਾਫ ਸੁਥਰਾ ਰੱਖਿਆ ਜਾਵੇ।

### ਗਰੀਨ ਬਿਲਡਿੰਗ ਸਰਟੀਫਿਕੇਟ

ਅਸਲ ਵਿਚ ਹਰੀਆਂ ਇਮਾਰਤਾਂ ਉਸਾਰਨ ਦੀ ਮੂਲ ਧਾਰਨਾ ਇਹ ਹੈ ਕਿ ਇਨ੍ਹਾਂ ਇਮਾਰਤਾਂ ਦੀ ਉਸਾਰੀ ਦੌਰਾਨ ਅਤੇ ਇਨ੍ਹਾਂ ਦੀ ਵਰਤੋਂ ਦੌਰਾਨ ਵਾਤਾਵਰਨ ਦੀ ਸਾਂਭ ਸੰਭਾਲ ਦਾ ਪੂਰਾ ਖਿਆਲ ਰੱਖਿਆ ਜਾਵੇ ਅਤੇ ਹਰ ਤਰ੍ਹਾਂ ਦੇ ਸਾਧਨਾਂ ਦੀ ਵਰਤੋਂ ਜਿਵੇਂ ਊਰਜਾ, ਜ਼ਮੀਨ ਅਤੇ ਪਾਣੀ ਆਦਿ ਦੀ ਬੱਚਤ ਕੀਤੀ ਜਾਵੇ। ਦਰਅਸਲ ਹਰੀਆਂ ਇਮਾਰਤਾਂ ਬਣਾਉਣ ਦਾ ਮੰਤਵ ਮਨੁੱਖੀ ਸਿਹਤ ਨੂੰ ਪ੍ਰਦੂਸ਼ਣ ਵਾਲੇ ਵਾਤਾਵਰਣ ਦੇ ਹਾਨੀਕਾਰਕ ਪ੍ਰਭਾਵਾਂ ਤੋਂ ਬਚਾਉਣਾ ਹੈ। ਵਾਤਾਵਰਨ ਤੇ ਬਚਾਅ ਲਈ ਅਤੇ ਹਰਿਆਵਲ ਪ੍ਰਤੀ ਜਾਗਰੂਕਤਾ ਪੈਦਾ ਕਰਨ ਵਾਲੀ ਸੰਸਥਾ 'ਵਿਸ਼ਵ ਗਰੀਨ ਬਿਲਡਿੰਗ ਕੌਂਸਲ' ਵਲੋਂ ਹਰੀਆਂ ਇਮਾਰਤਾਂ ਨੂੰ 'ਗਰੀਨ ਬਿਲਡਿੰਗ ਸਰਟੀਫਿਕੇਟ' ਵੀ ਦਿੱਤੇ ਜਾਂਦੇ ਹਨ। ਇਹ ਸਰਟੀਫਿਕੇਟ 'ਲੀਡ' (ਲੀਡਰਸ਼ਿਪ ਇਨ ਐਨਰਜੀ ਐਂਡ ਇਨਵਾਇਰਨਮੈਂਟਲ ਡਿਜ਼ਾਈਨ) ਨਾ ਦੇ ਇੱਕ ਪ੍ਰੋਗਰਾਮ ਤਹਿਤ ਇਮਾਰਤਾਂ ਦੇ ਮਾਲਕਾਂ ਨੂੰ ਉਨ੍ਹਾਂ ਵੱਲੋਂ ਕੀਤੀ ਗਈ ਸਾਧਨਾਂ ਦੀ ਬੱਚਤ ਅਤੇ ਵਾਤਾਵਰਨ ਨੂੰ ਸਾਫ ਸੁਥਰਾ ਰੱਖਣ ਵਿਚ ਪਾਏ ਗਏ ਯੋਗਦਾਨ ਦੇ ਆਧਾਰ 'ਤੇ ਦਿੱਤੇ ਜਾਂਦੇ ਹਨ। ਇਹ ਸਰਟੀਫਿਕੇਟ ਹਨ 'ਲੀਡ ਪਲੈਟੀਨਮ' , 'ਲੀਡ ਗੋਲਡ ਅਤੇ 'ਲੀਡ ਸਿਲਵਰ' । 'ਲੀਡ ਪਲੈਟੀਨਮ' ਸਰਟੀਫਿਕੇਟ ਸਭ ਤੋਂ ਵੱਧ ਯੋਗਦਾਨ ਦੇਣ ਵਾਲੀ ਬਿਲਡਿੰਗ ਨੂੰ, 'ਲੀਡ ਸੋਨੇ' ਦਾ ਸਰਟੀਫਿਕੇਟ ਥੋੜ੍ਹਾ ਜਿਹਾ ਘੱਟ ਯੋਗਦਾਨ ਦੇਣ ਵਾਲੀ ਬਿਲਡਿੰਗ ਨੂੰ ਅਤੇ 'ਲੀਡ ਚਾਂਦੀ' ਦਾ ਸਰਟੀਫਿਕੇਟ ਸਭ ਤੋਂ ਘੱਟ ਯੋਗਦਾਨ ਦੇਣ ਵਾਲੀ ਇਮਾਰਤ ਨੂੰ ਦਿੱਤਾ ਜਾਂਦਾ ਹੈ।

### ਭਾਰਤ ਦੀਆਂ ਹਰੀਆਂ ਇਮਾਰਤਾਂ

ਤਾਈਵਾਨ ਦੇਸ਼ ਦੀ ਰਾਜਧਾਨੀ, ਤਾਈਪਈ ਦੀ 'ਤਾਈਪਈ 101' ਨਾਂਅ ਦੀ ਇਮਾਰਤ ਦੁਨੀਆਂ ਦੀ ਸਭ ਤੋਂ ਉੱਚੀ ਹਰੀ ਇਮਾਰਤ ਹੈ ਜਿਸ ਨੂੰ 2011 ਵਿਚ ਸਭ ਤੋਂ ਉੱਚਾ ਲੀਡ ਇਨਾਮ ਭਾਵ 'ਲੀਡ ਪਲੈਟੀਨਮ' ਦਿੱਤਾ ਗਿਆ ਸੀ। ਲੀਡ ਸਰਟੀਫਿਕੇਟ ਹਾਸਿਲ ਕਰਨ ਵਾਲੇ ਦੇਸ਼ਾਂ ਵਿਚ ਭਾਰਤ ਦਾ ਪੂਰੀ ਦੁਨੀਆ ਵਿਚ ਤੀਸਰਾ ਸਥਾਨ ਆਉਂਦਾ ਹੈ। ਭਾਰਤ ਦੀ ਕੁਝ ਹਰੀਆਂ ਇਮਾਰਤਾਂ ਹਨ ਪੁਣੇ ਦਾ 'ਸੁਜ਼ਲਾਨ ਵੰਨ ਅਰਥ', ਹੈਦਰਾਬਾਦ ਦਾ 'ਰਾਜੀਵ ਗਾਂਧੀ ਹਵਾਈ



ਅੱਡਾ', ਇਨਫੋਸਿਸ ਦਾ 'ਮੈਸੂਰ ਕੈਂਪਸ, ਕੋਲਕਾਤਾ ਦੀ 'ਇਨਫਿਨਟੀ ਬੈਂਚਮਾਰਕ ਬਿਲਡਿੰਗ', ਹੈਦਰਾਬਾਦ ਦਾ 'ਸੋਹਰਾਬ ਜੀ ਵਪਾਰ ਕੇਂਦਰ, ਗੁਰੂਗ੍ਰਾਮ ਦਾ 'ਦਿ ਆਈ.ਟੀ.ਸੀ. ਗਰੀਨ ਸੈਂਟਰ' ਅਤੇ ਦਿੱਲੀ ਦਾ ਆਈ.ਟੀ.ਸੀ. ਮੌਰਿਆ' ਹੋਟਲ ਆਦਿ। ਜ਼ਿਕਰਯੋਗ ਹੈ ਕਿ 'ਇਨਫੋਸਿਸ' ਅਤੇ 'ਸੁਜ਼ਲਾਨ' ਦੀਆਂ ਇਮਾਰਤਾਂ ਨੂੰ 'ਲੀਡ ਪਲੈਟੀਨਮ' ਭਾਵ ਸਭ ਤੋਂ ਉੱਚੇ ਦਰਜੇ ਦੇ ਰੈਂਕ ਪ੍ਰਾਪਤ ਹਨ ਕਿਉਂਕਿ ਇਨ੍ਹਾਂ ਇਮਾਰਤਾਂ ਦੇ ਪ੍ਰਬੰਧਕਾਂ ਵੱਲੋਂ ਵਾਤਾਵਰਨ ਦੀ ਸਵੱਛਤਾ ਦਾ ਅਤੇ ਸਾਧਨਾਂ ਦੀ ਬੱਚਤ ਦਾ ਪੂਰਾ ਖਿਆਲ ਰੱਖਿਆ ਜਾਂਦਾ ਹੈ।

### ਪੁਰਾਤਨ ਸਮੇਂ 'ਚ ਪ੍ਰਚੱਲਿਤ ਸੀ ਤਕਨੀਕ

ਦਿਲਚਸਪੀ ਦੀ ਗੱਲ ਹੈ ਕਿ ਅਜੋਕੇ ਸਮੇਂ ਦੇ ਦੁਨੀਆਂ ਦੇ ਵਿਗਿਆਨੀਆਂ ਵੱਲੋਂ ਵਰਤੀ ਜਾ ਰਹੀ ਇਹ ਤਕਨਾਲੋਜੀ ਭਾਰਤ ਵਿਚ ਸੈਂਕੜੇ ਸਾਲ ਪਹਿਲਾਂ ਹੀ ਵਰਤੀ ਜਾ ਚੁੱਕੀ ਹੈ। ਜਿਵੇਂ ਕਿ ਭਾਰਤ ਦੀਆਂ ਇਤਿਹਾਸਕ ਇਮਾਰਤਾਂ ਤੋਂ ਪਤਾ ਲੱਗਦਾ ਹੈ ਕਿ ਇੱਥੋਂ ਦੇ ਰਾਜੇ-ਮਹਾਰਾਜਿਆਂ ਵੱਲੋਂ ਵੀ ਕੁਝ ਅਜਿਹੀਆਂ ਇਮਾਰਤਾਂ ਬਣਾਈਆਂ ਗਈਆਂ ਸਨ ਜਿਹੜੀਆਂ ਕਿ ਕੁਦਰਤੀ ਤੌਰ 'ਤੇ ਹਰੀਆਂ ਹਨ, ਜਿਵੇਂ ਰਾਜਸਥਾਨ ਦੇ ਜੈਪੁਰ ਵਿਚ 'ਹਵਾ ਮਹਿਲ', ਜਿਸ ਦੀ ਬਣਤਰ ਇਸ ਤਰ੍ਹਾਂ ਦੀ ਹੈ ਕਿ ਇਸ ਵਿੱਚੋਂ ਠੰਢੀ ਹਵਾ ਹਰ ਵੇਲੇ ਚੱਲਦੀ ਰਹਿੰਦੀ ਹੈ।

ਹੈਦਰਾਬਾਦ ਦਾ 'ਗੋਲਕੌਂਡਾ ਮਹਿਲ' ਵੀ ਇਕ ਅਜਿਹੀ ਹੀ ਇਮਾਰਤ ਹੈ। ਇੱਥੇ ਇਹ ਸਮਝਣ ਦੀ ਲੋੜ ਹੈ ਕਿ ਹਰੀਆਂ ਇਮਾਰਤਾਂ ਦੀ ਧਾਰਨਾ ਜਿੰਨੀ ਪੁਰਾਣੀ ਹੈ, ਓਨਾ ਹੀ ਇਸ ਨੂੰ ਸਮਝਣਾ ਸੌਖਾ ਵੀ ਹੈ। ਅਸੀਂ ਵੀ ਆਪਣੇ ਘਰ ਨੂੰ ਥੋੜ੍ਹੀ ਜਿਹੀ ਮਿਹਨਤ ਨਾਲ ਹੀ ਹਰੀ ਇਮਾਰਤ ਬਣਾ ਸਕਦੇ ਹਾਂ। ਅਜਿਹਾ ਕਰਨ ਲਈ ਸਾਨੂੰ ਆਪਣੇ ਘਰ ਦੀ ਛੱਤ, ਕੰਧਾਂ, ਦਰਵਾਜੇ ਅਤੇ ਖਿੜਕੀਆਂ ਉੱਤੇ ਅਤੇ ਵਿਹੜੇ ਵਿਚ ਬੂਟੇ ਲਗਾਉਣੇ ਚਾਹੀਦੇ ਹਨ। ਇਸ ਲਈ ਗਮਲੇ, ਪੁਰਾਣੀਆਂ ਬੋਤਲਾਂ ਜਾਂ ਪੁਰਾਣੇ ਭਾਂਡਿਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ

ਇਸ ਤਰ੍ਹਾਂ ਸਾਨੂੰ ਸਾਫ ਸੁਥਰੀ ਹਵਾ ਵੀ ਮਿਲੇਗੀ, ਸਾਡੀ ਬਿਜਲੀ ਅਤੇ ਗੈਰ ਆਦਿ ਊਰਜਾ ਦੀਆਂ ਲੋੜਾਂ ਵੀ ਘਟਣਗੀਆਂ ਅਤੇ ਸਾਡਾ ਆਲਾ ਦੁਆਲਾ ਵੀ ਸਵੱਛ ਰਹੇਗਾ।

## ਪਿੰਡ ਖਿਲਚੀਆਂ ਦੇ ਕਿਸਾਨ ਭਰਾਵਾਂ ਗੁਰਦੀਪ ਸਿੰਘ, ਗੁਰਪ੍ਰੀਤ ਸਿੰਘ ਅਤੇ ਜੋਬਨ ਜੀਤ ਸਿੰਘ ਦੀ ਕਹਾਣੀ

# ਕਦੇ ਸਨ 3 ਏਕੜ, ਅੱਜ 20 ਏਕੜ ਦੇ ਮਾਲਿਕ

ਪੰਜਾਬ ਵਿੱਚ ਡਿੱਗ ਰਹੇ ਜ਼ਮੀਨੀ ਪਾਣੀ ਦੇ ਪੱਧਰ, ਘੱਟ ਰਿਹਾ ਖੇਤਾਂ ਦਾ ਸਾਇਜ਼, ਖੇਤੀਬਾੜੀ 'ਤੇ ਵੱਧ ਰਹੀ ਲਾਗਤ ਅਤੇ ਕਿਸਾਨਾਂ ਸਿਰ ਚੜ੍ਹ ਰਹੇ ਕਰਜ਼ ਦਾ ਆਲਮ ਇਹ ਹੈ ਕਿ ਉਹ ਖੇਤੀ ਨੂੰ ਅਲਵਿਦਾ ਕਹਿੰਦੇ ਜਾ ਰਹੇ ਹਨ। ਉੱਥੇ ਹੀ, ਕੁਝ ਕਿਸਾਨ ਅਜਿਹੇ ਵੀ ਹਨ, ਜੋ ਬਦਲਦੇ ਮਾਹੌਲ ਅਨੁਸਾਰ ਇਸ ਕੰਮ ਵਿੱਚ ਲੱਗੇ ਹੋਏ ਹਨ। ਇਸ ਵਿੱਚ ਸ਼ੁਮਾਰ ਹਨ ਖਿਲਚੀਆਂ ਦੇ ਕਿਸਾਨ ਭਰਾ ਗੁਰਦੀਪ ਸਿੰਘ (44 ਸਾਲ), ਗੁਰਪ੍ਰੀਤ ਸਿੰਘ (38 ਸਾਲ) ਅਤੇ ਜੋਬਨ ਜੀਤ ਸਿੰਘ (30 ਸਾਲ), ਜਿਨ੍ਹਾਂ ਨੇ ਹਰ ਉਹ ਮੁਸ਼ਕਿਲ ਦੌਰ ਦੇਖਿਆ, ਜਿਸਨੂੰ ਇੱਕ ਛੋਟਾ ਕਿਸਾਨ ਅਕਸਰ ਝੱਲਦਾ ਹੈ। ਕਦੇ ਇਹ ਤਿੰਨੋਂ ਭਰਾ 3 ਏਕੜ ਜ਼ਮੀਨ ਤੋਂ ਹੀ ਗੁਜ਼ਾਰਾ ਕਰਦੇ ਸਨ ਅਤੇ ਅੱਜ 20 ਏਕੜ ਖੇਤੀ ਦੇ ਮਾਲਿਕ ਹਨ। ਇਹ ਸਾਲਾਨਾ ਇੱਕ ਕਰੋੜ ਰੁਪਏ ਦੇ ਨੇੜੇ-ਤੇੜੇ ਕਮਾਈ ਕਰ ਲੈਂਦੇ ਹਨ। ਇਹ ਦੂਜੇ ਕਿਸਾਨਾਂ ਲਈ ਪ੍ਰੇਰਣਾ ਸ੍ਰੋਤ ਹਨ।

ਸੁਖਦੇਵ ਸਿੰਘ ਅਤੇ ਉਨ੍ਹਾਂ ਦੀ ਪਤਨੀ ਕੁਲਦੀਪ ਕੌਰ ਕੋਲ 3 ਏਕੜ ਜ਼ਮੀਨ ਸੀ। ਪਰਿਵਾਰ ਵਿੱਚ ਪਤੀ-ਪਤਨੀ ਤੋਂ ਇਲਾਵਾ ਤਿੰਨ ਬੱਚੇ ਹਨ। ਸੁਖਦੇਵ ਨੇ ਪਰਿਵਾਰ ਦੇ ਭਵਿੱਖ ਲਈ ਸਥਿਤੀ ਨੂੰ ਸਮਝਦੇ ਹੋਏ 1990 ਦੇ ਦੌਰ ਵਿੱਚ ਹੀ ਝੋਨੇ-ਕਣਕ ਦੇ ਨਾਲ ਸਬਜ਼ੀਆਂ ਦੀ ਖੇਤੀ ਕਰਨੀ ਸ਼ੁਰੂ ਕਰ ਦਿੱਤੀ ਸੀ। ਸਬਜ਼ੀਆਂ ਨੂੰ ਉਹ ਖੁਦ ਬਾਜ਼ਾਰ ਲੈ ਕੇ ਵੇਚਣ ਜਾਂਦੇ ਸਨ। ਕਈ ਵਾਰ ਤਾਂ ਉਹ ਆਸ-ਪਾਸ ਹੀ ਘੁੰਮ ਕੇ ਸਬਜ਼ੀਆ ਵੇਚ ਕੇ ਪਰਿਵਾਰ ਦੇ ਗੁਜ਼ਾਰੇ ਭਰ ਦੀ ਕਮਾਈ ਕਰ ਲੈਂਦੇ ਸਨ। ਬੱਚੇ ਸਕੂਲ ਜਾਣ ਲੱਗੇ ਸਨ। ਖੈਰ, ਜ਼ਿੰਦਗੀ ਚੱਲਦੀ ਰਹੀ ਅਤੇ ਵੱਡਾ ਬੇਟਾ ਬੀ. ਏ. ਅਤੇ ਵਿਚਕਾਰਲਾ 8ਵੀਂ ਵਿੱਚ ਦਾਖਲਾ ਲੈ ਚੁੱਕਾ ਸੀ। ਛੋਟਾ ਜੋਬਨਜੀਤ 8 ਸਾਲ ਦਾ ਸੀ। ਉਹ ਵੀ ਸਕੂਲ ਜਾਣ ਲੱਗਾ ਸੀ। ਕਿਸਮਤ ਨੇ ਪਲਟੀ ਖਾਧੀ। ਸੁਖਦੇਵ ਬਿਮਾਰ ਹੋ ਗਿਆ। ਕਾਫੀ ਇਲਾਜ ਹੋਇਆ। ਆਖਿਰਕਾਰ ਸਾਲ 2000 ਵਿੱਚ ਉਹ ਦੁਨੀਆਂ ਨੂੰ ਅਲਵਿਦਾ ਕਹਿ ਗਏ।

44 ਸਾਲਾ ਗੁਰਦੀਪ ਸਿੰਘ ਦੱਸਦੇ ਹਨ ਕਿ ਪਿਤਾ ਦੇ ਜਾਣ ਤੋਂ ਬਾਅਦ ਪਰਿਵਾਰ ਦੀ ਜ਼ਿੰਮੇਵਾਰੀ ਉਨ੍ਹਾਂ 'ਤੇ ਆ ਗਈ। ਉਹ ਪੜ੍ਹਾਈ ਛੱਡ ਕੇ ਖੇਤੀ ਵਿੱਚ ਲੱਗ ਗਏ। ਇਸੇ ਦੌਰਾਨ ਉਨ੍ਹਾਂ ਨੇ ਪਿਤਾ ਤੋਂ ਮਿਲੀ ਸੀਖ ਦੇ ਮੱਦੇਨਜ਼ਰ ਤਕਨੀਕੀ ਖੇਤੀ ਸ਼ੁਰੂ ਕਰ ਦਿੱਤੀ। ਨਰਸਰੀ ਦੀ ਸ਼ੁਰੂਆਤ ਕੀਤੀ। ਸ਼ੁਰੂਆਤ ਵਿੱਚ ਉਨ੍ਹਾਂ ਨੇ ਅੱਧਾ ਏਕੜ ਵਿੱਚ ਮਿਰਚ ਦੀ ਪਨੀਰੀ ਲਗਾਈ। ਉਸ ਤੋਂ ਤਿਆਰ ਹਾਈਬ੍ਰਿਡ ਮਿਰਚ ਦੇ ਬੀਜ ਤੋਂ ਇੱਕ ਸੀਜ਼ਨ ਵਿੱਚ 60 ਹਜ਼ਾਰ ਰੁਪਏ ਦੀ ਕਮਾਈ ਕੀਤੀ। ਇਸ ਨਾਲ ਹੌਸਲਾ ਵਧਣ ਲੱਗਾ। ਹੌਲੀ-ਹੌਲੀ ਗੁਰਪ੍ਰੀਤ ਵੀ ਕੰਮ ਵਿੱਚ ਹੱਥ ਵੰਡਾਉਣ ਲੱਗਾ। ਸਮਾਂ ਗੁਜ਼ਰਦਾ ਰਿਹਾ ਅਤੇ ਦੋਵੇਂ ਭਰਾ ਇੱਕ-ਇੱਕ 11 ਦੀ ਤਰਜ਼ 'ਤੇ ਕੰਮ ਕਰਨ ਲੱਗੇ ਅਤੇ ਸਫਲਤਾ ਦੇ ਕਦਮ ਚੁੰਮਣ ਲੱਗੇ।

### ਸਬਜ਼ੀਆਂ ਦੀ ਨਰਸਰੀ ਨੂੰ ਬਣਾਇਆ ਕਿਸਾਨੀ ਦਾ ਆਧਾਰ

38 ਸਾਲਾ ਗੁਰਪ੍ਰੀਤ ਸਿੰਘ ਦੱਸਦੇ ਹਨ ਕਿ ਵੱਡੇ ਭਰਾ ਦੇ ਨਾਲ ਮਿਲ ਕੇ ਉਨ੍ਹਾਂ ਇਸ ਵਿੱਚ ਹੋਰ ਬਹੁਤ ਕੁਝ ਜੋੜਿਆ। ਨਰਸਰੀ ਦੇ ਨਾਲ ਬਾਗਬਾਨੀ ਸ਼ੁਰੂ ਕੀਤੀ। ਕਮਾਈ ਵੱਧਣ ਲੱਗੀ ਤਾਂ ਖੇਤੀ ਦੀ ਮਸ਼ੀਨਰੀ ਅਤੇ ਫਿਰ ਜ਼ਮੀਨ ਵੀ ਖਰੀਦਣ ਲੱਗੇ। ਸਾਲ 2005 ਵਿੱਚ ਪਹਿਲੀ ਵਾਰ ਉਨ੍ਹਾਂ ਨੇ ਇੱਕ ਏਕੜ ਜ਼ਮੀਨ ਖਰੀਦੀ। ਆਮਦਨੀ ਵੱਧਣ ਨਾਲ ਜ਼ਮੀਨ ਖਰੀਦ ਦਾ ਸਿਲਸਿਲਾ ਜਾਰੀ ਰਿਹਾ ਅਤੇ ਵਰਤਮਾਨ ਵਿੱਚ ਆਪਣੀ ਮੂਲ ਜ਼ਮੀਨ ਤੋਂ ਇਲਾਵਾ ਉਨ੍ਹਾਂ ਨੇ 17 ਏਕੜ ਜ਼ਮੀਨ ਵਧਾ ਲਈ। ਗੁਜ਼ਰਦੇ ਸਮੇਂ ਦੇ ਨਾਲ ਤਿੰਨਾਂ ਦੇ ਵਿਆਹ ਹੋਏ। ਸਾਰਿਆਂ ਨੇ ਖੇਤੀ ਨੂੰ ਹੀ ਆਪਣਾ ਕੈਰੀਅਰ ਬਣਾਇਆ। ਗੁਰਪ੍ਰੀਤ ਅਨੁਸਾਰ, ਉਨ੍ਹਾਂ ਨੇ ਹਮੇਸ਼ਾ ਉਸ ਸਬਜ਼ੀ ਦੀ ਨਰਸਰੀ ਨੂੰ ਤਵੱਜੋ ਦਿੱਤੀ, ਜਿਸਦੀ ਉਪਜ ਜ਼ਿਆਦਾ ਹੋਵੇ, ਜੋ ਗੁਣਵੱਤਾ ਵਾਲੀ ਹੋਵੇ ਅਤੇ ਮਾਰਕਿਟ ਵਿੱਚ ਮੰਗ ਹੋਵੇ। ਅੱਜ ਉਨ੍ਹਾਂ ਕੋਲ ਅਜਿਹੀ ਕੋਈ ਸਬਜ਼ੀ ਨਹੀਂ ਹੈ, ਜਿਸਦੀ ਪਨੀਰੀ ਉਨ੍ਹਾਂ ਦੀ ਨਰਸਰੀ ਵਿੱਚ ਤਿਆਰ ਨਾ ਹੁੰਦੀ ਹੋਵੇ। ਨਰਸਰੀ ਲਈ ਉਹ ਲੋਕ ਅਤਿ ਆਧੁਨਿਕ ਤਕਨੀਕ ਦੀ ਵਰਤੋਂ ਕਰਦੇ ਹਨ। ਡਰਿੱਪ ਇਰੀਗੇਸ਼ਨ ਰਾਹੀਂ ਸਿੰਚਾਈ ਕਰਦੇ ਹਨ, ਤਾਂਕਿ ਪਾਣੀ ਬਚ ਸਕੇ। ਖਾਸ ਗੱਲ ਤਾਂ ਇਹ ਹੈ ਕਿ ਉਹ ਨਰਸਰੀ ਵਿੱਚ ਰਸਾਇਣਿਕ ਖਾਦਾਂ ਦੀ ਵਰਤੋਂ ਕਰਨ ਤੋਂ ਬਚਦੇ ਹਨ।

### ਨਰਸਰੀ ਵਿੱਚ ਹਰ ਸਾਲ 200 ਕਿਸਾਨਾਂ ਨੂੰ ਫਰੀ ਟ੍ਰੇਨਿੰਗ

ਉਹ ਦੱਸਦੇ ਹਨ ਕਿ ਉਨ੍ਹਾਂ ਦੀ ਨਰਸਰੀ ਵਿੱਚ 250 ਕਿਸਮ ਦੇ ਪਿਆਜ਼, 200 ਕਿਸਮ ਦੀ ਭਿੰਡੀ, 60 ਕਿਸਮ ਦੇ ਕਰੇਲੇ ਸਮੇਤ ਕਈ ਹੋਰ ਸਬਜ਼ੀਆਂ ਦੀਆਂ ਕਿਸਮਾਂ ਹਨ। ਇਨ੍ਹਾਂ ਨੂੰ ਗੁਆਂਢੀ ਰਾਜਾਂ ਦੇ ਕਿਸਾਨ ਵੀ ਲੈ ਜਾਂਦੇ ਹਨ। ਨਰਸਰੀ ਵਿੱਚ ਹਰ ਸਾਲ ਘੱਟ ਤੋਂ ਘੱਟ 200 ਕਿਸਾਨਾਂ ਨੂੰ ਇਸਦੀ ਫਰੀ ਟ੍ਰੇਨਿੰਗ ਵੀ ਦਿੰਦੇ ਹਨ। ਉਹ ਸਾਲਾਨਾ ਇੱਕ ਕਰੋੜ ਰੁਪਏ ਦੇ ਆਸ-ਪਾਸ ਦੀ ਕਮਾਈ ਕਰ ਲੈਂਦੇ ਹਨ। ਉਨ੍ਹਾਂ ਨੇ ਸੂਬੇ ਦੇ ਕਿਸਾਨ ਪਰਿਵਾਰਾਂ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਵਿਦੇਸ਼ ਜਾਣ ਦੀ ਬਜਾਏ ਉਹ ਇੱਥੇ ਰਹਿ ਕੇ ਹੀ ਖੇਤੀ ਜਾਂ ਹੋਰ ਕੰਮਾਂ ਵਿੱਚ ਕੈਰੀਅਰ ਬਣਾਉਣ।





# ਪਾਰਕਾਂ ਅਤੇ ਘਰੇਲੂ ਗਮਲਿਆਂ ਵਿੱਚ ਗੁਲਦੋਦੀ ਲਗਾਉਣ ਦਾ ਢੁੱਕਵਾਂ ਸਮਾਂ

ਗੁਲਦੋਦੀ ਇੱਕ ਬਹੁਤ ਹੀ ਮਹੱਤਵਪੂਰਨ ਫੁੱਲਾਂ ਦੀ ਕਿਸਮ ਹੈ। ਪੰਜਾਬ ਵਿੱਚ ਇਸ ਦੀਆਂ ਰੂਟਿਡ ਕਟਿੰਗ ਜੁਲਾਈ-ਅਗਸਤ ਮਹੀਨੇ ਪਾਰਕਾਂ ਅਤੇ ਘਰੇਲੂ ਗਮਲਿਆਂ ਵਿੱਚ ਅਸਾਨੀ ਨਾਲ ਲਗਾਈਆਂ ਜਾ ਸਕਦੀਆਂ ਹਨ। ਇਹ ਅਕਤੂਬਰ ਤੋਂ ਦਸੰਬਰ ਤੱਕ ਫੁੱਲਾਂ ਦੀ ਬਹਾਰ ਦਿੰਦੀ ਹੈ। ਪੰਜਾਬ ਅਤੇ ਚੰਡੀਗੜ੍ਹ ਵਿਚ ਦਸੰਬਰ ਮਹੀਨੇ ਗੁਲਦੋਦੀ ਫੁੱਲਾਂ ਦੀਆਂ ਨੁਮਾਇਸ਼ਾਂ ਅਤੇ ਮੁਕਾਬਲੇ, ਵੱਖ-ਵੱਖ ਸੰਸਥਾਵਾਂ ਵੱਲੋਂ



ਡਾ. ਸਵਰਨ ਸਿੰਘ ਮਾਨ,
ਸਾਬਕਾ ਉਪ ਡਾਇਰੈਕਟਰ,
ਬਾਗਬਾਨੀ ਪਟਿਆਲਾ ਕਮ
ਸਾਬਕਾ ਨੋਡਲ ਅਫਸਰ ਅਮਰੂਦ
ਪੰਜਾਬ (ਮੋ.75080-18903)

ਕਰਵਾਏ ਜਾਂਦੇ ਹਨ, ਜਿਸ ਵਿਚ ਤੁਸੀਂ ਭਾਗ ਲੈ ਕੇ ਇਨਾਮ ਜਿੱਤ ਸਕਦੇ ਹੋ। ਨੌਜਵਾਨ ਲੜਕੇ ਲੜਕੀਆਂ ਇਹ ਕੰਮ ਵਪਾਰਕ ਪੱਖ ਤੋਂ ਵੀ ਕਰ ਸਕਦੇ ਹਨ। ਗੁਲਦੋਦੀ ਫੁੱਲਾਂ ਨਾਲ ਭਰਿਆ ਗਮਲਾ 200 ਤੋਂ 300 ਰੁਪਏ ਤੱਕ ਵਿਕ ਜਾਂਦਾ ਹੈ। ਇਹ ਗਮਲੇ ਪ੍ਰਾਈਵੇਟ ਵਿਅਕਤੀ, ਪ੍ਰਾਈਵੇਟ ਸੰਸਥਾਵਾਂ ਅਤੇ ਬੈਂਕ/ਦਫਤਰ ਆਦਿ ਵਾਲੇ ਖਰੀਦ ਲੈਂਦੇ ਹਨ। ਗੁਲਦੋਦੀ ਦੀਆਂ 2 ਕਿਸਮਾਂ ਹੁੰਦੀਆਂ ਹਨ - ਸਟੈਂਡਰਡ ਅਤੇ ਸਪਰੇ। ਸਟੈਂਡਰਡ ਅਤੇ ਸਪਰੇ ਕਿਸਮਾਂ ਦੀਆਂ ਵੱਖ-ਵੱਖ ਰੰਗਾਂ ਦੀਆਂ ਵਰਾਇਟੀਆਂ ਹੁੰਦੀਆਂ ਹਨ। ਸਪਰੇ ਗੁਲਦੋਦੀ ਦੇ ਫੁੱਲਾਂ ਦੀ ਵਰਤੋਂ ਬੁੱਕੇ, ਹਾਰ, ਲੜੀਆਂ, ਕੱਟ ਫਲਾਵਰ ਅਤੇ ਫਲਾਵਰ ਅਰੇਜਮੈਂਟ ਆਦਿ ਵਿੱਚ ਬਹੁਤ ਮਾਤਰਾ ਵਿੱਚ ਕੀਤੀ ਜਾਂਦੀ ਹੈ। ਗੁਲਦੋਦੀ ਦੇ ਵਧੀਆ ਕਿਸਮ ਦੇ ਫੁੱਲ ਲੈਣ ਲਈ ਤਕਨੀਕੀ ਜਾਣਕਾਰੀ ਦਾ ਹੋਣਾ ਬਹੁਤ ਜ਼ਰੂਰੀ ਹੈ। ਇਹ ਤਕਨੀਕੀ ਜਾਣਕਾਰੀ ਬਾਗਬਾਨੀ ਵਿਭਾਗ ਪੰਜਾਬ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਰਾਂ ਨੂੰ ਮਿਲ ਕੇ ਮੁਫਤ ਪ੍ਰਾਪਤ ਕੀਤੀ ਜਾ ਸਕਦੀ ਹੈ। ਸਟੈਂਡਰਡ ਵਰਾਇਟੀਆਂ ਵਿਚ ਸਿੰਗਲ ਸਟਿਮ ਰੱਖ ਕੇ disbudding / ਸਾਈਡ ਬਡਜ਼ ਤੋੜਨੇ ਪੈਂਦੇ ਹਨ ਅਤੇ ਇਸੇ ਤਰ੍ਹਾਂ ਸਪਰੇ ਵਰਾਇਟੀਆਂ ਵਿਚ ਜ਼ਿਆਦਾ ਫੁੱਲ ਲੈਣ ਲਈ ਟਰਮੀਨਲ ਬਡਜ਼ ਦੀ ਪੈਨਚਿੰਗ (ਤੋੜਨਾ) ਕਰਨੀ ਪੈਂਦੀ ਹੈ ਤਾਂ ਕਿ ਵੱਧ ਤੋਂ ਵੱਧ ਨਵੀਆਂ ਟਾਹਣੀਆਂ ਪ੍ਰਾਪਤ ਕੀਤੀਆਂ ਜਾ ਸਕਣ। ਸਮੇਂ-ਸਮੇਂ ਤੇ ਗੋਡੀ, ਖਾਦ ਪਾਉਣੀ ਅਤੇ ਕੀੜੇਮਾਰ / ਬਿਮਾਰੀਆਂ ਤੋਂ ਬਚਾਅ ਲਈ ਸਪਰੇ ਕਰਨੀ ਪੈਂਦੀ ਹੈ।

ਗਮਲਿਆਂ ਵਿਚ ਗੁਲਦੋਦੀ ਤਿਆਰ ਕਰਨ ਲਈ ਪਹਿਲਾਂ ਮਿੱਟੀ ਦਾ ਮਿਕਸਰ ਤਿਆਰ ਕੀਤਾ ਜਾਂਦਾ ਹੈ, ਜਿਸ ਵਿਚ ਇਕ ਹਿੱਸਾ ਖੇਤ ਦੀ ਮਿੱਟੀ, ਇਕ ਹਿੱਸਾ ਚੰਗੀ ਤਰ੍ਹਾਂ ਗਲੀ ਹੋਈ ਰੂੜੀ ਦੀ ਖਾਦ ਜਾਂ ਗੰਡਿਆਂ ਦੀ ਖਾਦ ਅਤੇ ਇਕ ਹਿੱਸਾ ਪੱਤਿਆਂ ਦੀ ਖਾਦ ਹੋਣੀ ਚਾਹੀਦੀ ਹੈ। ਗਮਲੇ 10" ਜਾਂ 12" ਸਾਈਜ਼ ਦੇ ਹੋ ਸਕਦੇ ਹਨ। ਇਕ ਕਿਊਬਿਕ ਮੀਟਰ ਮਿੱਟੀ ਦੇ ਮਿਕਸਰ ਵਿਚ 2 ਕਿਲੋ ਮਿਕਚਰ ਕਿਸਾਨ ਖਾਦ (CAN), ਸਿੰਗਲ ਸੁਪਰਫਾਸਫੇਟ (SSP) ਅਤੇ ਮਿਊਰੇਟ ਆਫ ਪੋਟਾਸ਼ (MOP) (2:2:1) ਦੇ ਅਨੁਪਾਤ ਵਿਚ ਪਾਉਣਾ ਚਾਹੀਦਾ ਹੈ। ਜਦੋਂ ਤੱਕ ਫੁੱਲਾਂ ਦੀ ਬਹਾਰ ਖਤਮ ਨਹੀਂ ਹੁੰਦੀ, ਰੂਟ ਸਕਰਜ਼ ਤੋੜਦੇ ਰਹਿਣਾ ਚਾਹੀਦਾ ਹੈ, ਨਹੀਂ ਤਾਂ ਫੁੱਲਾਂ ਦੀ ਕੁਆਲਿਟੀ ਚੰਗੀ ਨਹੀਂ ਹੋਵੇਗੀ।

ਸਟੈਂਡਰਡ ਵਰਾਇਟੀਆਂ ਵਿੱਚ ਤਣੇ ਨੂੰ ਸਪੋਰਟ ਦੇਣ ਲਈ ਇਕ ਕਾਨੇ ਜਾਂ ਬਾਂਸ ਦੀ ਸਟਿਕ ਦੀ ਜ਼ਰੂਰਤ ਪੈਂਦੀ ਹੈ ਅਤੇ ਸਪਰੇ ਵਰਾਇਟੀਆਂ ਵਿਚ 3 ਜਾਂ 4 ਕਾਨੇ ਜਾਂ ਬਾਂਸ ਸਟਿਕ ਦੀ ਜ਼ਰੂਰਤ ਪੈਂਦੀ ਹੈ। ਫਿਰ ਇਹ ਸੇਬੇ ਜਾਂ ਪਤਲੀ ਰੱਸੀ ਨਾਲ ਕਾਨੇ ਜਾਂ ਬਾਂਸ ਸਟਿਕ ਦੇ ਆਲੇ-ਦੁਆਲੇ ਬੰਨਿਆ ਜਾਂਦਾ ਹੈ ਤਾਂ ਕਿ ਫੁੱਲਾਂ ਦੀਆਂ ਟਾਹਣੀਆਂ ਨੀਚੇ ਨਾ ਡਿੱਗਣ। ਫੁੱਲਾਂ ਦੇ ਸਾਈਜ਼, ਸ਼ੇਪ (Shape) ਅਤੇ ਨੰਬਰ ਦੇ ਅਧਾਰ ਤੇ ਗੁਲਦੋਦੀ ਨੂੰ ਹੇਠ ਲਿਖੇ ਵੱਖ-ਵੱਖ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ।

(1) ਇਨਕਰਵਡ (Incurved) : ਫੁੱਲਾਂ ਦੀਆਂ ਪੱਤੀਆ ਉਪਰ ਅਤੇ ਹੇਠਾਂ ਵੱਲ ਮੁੜੀਆਂ ਹੁੰਦੀਆਂ ਹਨ ਅਤੇ ਇਕ ਬਾਲ ਦੀ ਸ਼ਕਲ ਬਣ ਜਾਂਦੀ ਹੈ।

(2) ਇਨਕਰਵਿੰਗ (Incurving) : ਫੁੱਲਾਂ ਦੀਆਂ ਪੱਤੀਆਂ ਲੂਜ਼ ਅਤੇ ਬੇਤਰਤੀਬ ਵਿਚ ਹੁੰਦੀਆਂ ਹਨ ਅਤੇ ਬਾਲ ਨਹੀਂ ਬਣਦੀ।

(3) ਐਨੀਮੋਨ (Anemone) : ਫੁੱਲਾਂ ਦੀਆਂ ਪੱਤੀਆਂ ਦੀ ਫਲੈਟ ਡਿਸਕ ਬਣ ਜਾਂਦੀ ਹੈ।

(4) ਸਿੰਗਲ ਕੋਰੀਅਨ (Single Korean) : ਫੁੱਲਾਂ ਦੀਆਂ ਪੱਤੀਆਂ ਦੀ ਪ੍ਰਮੁੱਖ ਸੈਂਟਰਲ ਡਿਸਕ ਬਣਾਉਂਦੀਆਂ ਹਨ।

(5) ਡਬਲ ਕੋਰੀਅਨ (Double Korean) : ਸੈਂਟਰਲ ਡਿਸਕ ਬਹੁਤ ਪ੍ਰੋਮੀਨੈਂਟ ਨਹੀਂ ਹੁੰਦੀ।

(6) ਪੋਮਪਨ (Pompen) : ਛੋਟੀਆਂ ਫੁੱਲ ਪੱਤੀਆਂ, ਡਿਸਕ ਨਾਂ ਦੇ ਬਰਾਬਰ ਹੁੰਦੀ ਹੈ। ਫੁੱਲ ਪੱਤੀਆਂ ਤਰਤੀਬ ਵਿਚ ਹੋ ਕੇ ਕਮਪੈਕਟ ਹੋਮੀ ਸਫੈਰੀਕਲ ਸ਼ਕਲ ਬਣਾਉਂਦੀਆਂ ਹਨ।

(7) ਸਪੂਨ (Spoon) : ਫੁੱਲ ਪੱਤੀਆਂ ਚਮਚ ਦੀ ਤਰ੍ਹਾਂ ਸ਼ਕਲ ਬਣਾਉਂਦੀਆਂ ਹਨ।

(8) ਬਟਨ (Button) : 2-3 ਸੈਂਟੀਮੀਟਰ ਛੋਟੀਆਂ ਫੁੱਲ ਪੱਤੀਆਂ ਕਮਪੈਕਟ ਹੋਮੀਸਫੈਰੀਕਲ ਦੀ ਸ਼ਕਲ ਬਣਾਉਂਦੀਆਂ ਹਨ।



(9) ਸਪਾਈਡਰ (Spider) : ਇਸ ਦੀਆਂ ਫੁੱਲ ਪੱਤੀਆਂ ਮੱਕੜੀ ਦੀ ਤਰ੍ਹਾਂ ਸ਼ਕਲ ਬਣਾਉਂਦੀਆਂ ਹਨ।

(10) ਰੈਫਲੈਕਸਡ (Reflexed) : ਫੁੱਲ ਪੱਤੀਆਂ ਹੇਠਾਂ ਵੱਲ ਮੁੜੀਆਂ ਹੁੰਦੀਆਂ ਹਨ।

**ਗੁਲਦੋਦੀ ਨੂੰ ਕਾਮਯਾਬੀ ਨਾਲ ਤਿਆਰ ਕਰਨ ਲਈ ਨੁਕਤੇ ਅਤੇ ਸਾਵਧਾਨੀਆਂ :**

1. ਗੁਲਦੋਦੀ ਨੂੰ ਤਿਆਰ ਕਰਦੇ ਸਮੇਂ 5-6 ਘੰਟੇ ਧੁੱਪ ਦਾ ਹੋਣਾ ਬਹੁਤ ਜ਼ਰੂਰੀ ਹੈ।

2. ਗੁਲਦੋਦੀ ਦੇ ਬੂਟਿਆਂ ਵਿਚ ਬਾਰਸ਼ ਦਾ ਪਾਣੀ ਜ਼ਿਆਦਾ ਦੇਰ ਨਹੀਂ ਖੜਨਾ ਚਾਹੀਦਾ।

3. ਜ਼ਿਆਦਾ ਅਤੇ ਵਧੀਆ ਕਿਸਮ ਦੇ ਫੁੱਲ ਲੈਣ ਲਈ ਸਰ੍ਹੋਂ ਦੀ ਖਲ ਜਾਂ ਬੋਨ ਮੀਲ 15-20 ਦਿਨਾਂ ਦੇ ਫਰਕ ਨਾਲ ਪਾ ਦੇਣੀ ਚਾਹੀਦੀ ਹੈ।

4. ਤਣੇ ਉੱਤੇ ਜੇਕਰ ਸੁੱਕੇ ਪੱਤੇ ਦਿਖਾਈ ਦਿੰਦੇ ਹਨ ਤਾਂ ਉਹਨਾਂ ਤੋੜ ਦੇਣਾ ਚਾਹੀਦਾ ਹੈ। ਨਹੀਂ ਤਾਂ ਉੱਲੀ ਰੋਗ ਲੱਗ ਜਾਦੇ ਹਨ। ਉੱਲੀ ਰੋਗਾਂ ਤੋਂ ਬਚਾਅ ਲਈ ਬਾਵਿਸਟਨ 1 ਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰ ਦੇਵੋ।

5. ਸੀਜ਼ਨ ਦੇ ਅਖੀਰ ਵਿਚ ਮੁਰਝਾਏ ਹੋਏ ਫੁੱਲ ਤੋੜ ਦੇਣੇ ਚਾਹੀਦੇ ਹਨ, ਫਿਰ ਹੋਰ ਨਵੀਆਂ ਬਣ ਰਹੀਆਂ ਬਡਜ਼ ਜਲਦੀ ਖਿਲ ਜਾਣਗੀਆਂ।

6. Blooming ਸਟੇਜ ਤੇ ਫੁੱਲਾਂ ਨੂੰ ਪਾਣੀ ਨਹੀਂ ਲੱਗਣਾ ਚਾਹੀਦਾ, ਨਹੀਂ ਤਾਂ ਫੁੱਲ ਜਲਦੀ ਖਰਾਬ ਹੋ ਜਾਣਗੇ।

7. ਕੀੜੇ ਮਕੌੜੇ ਤੋਂ ਬਚਾਅ ਲਈ 2 ਮਿਲੀਲਿਟਰ ਨੀਮ ਆਇਲ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰ ਸਕਦੇ ਹੋ।

8. ਸਰਕਾਰੀ ਜਾਂ ਪ੍ਰਾਈਵੇਟ ਸਮਾਗਮਾਂ ਵਿਚ ਮੁੱਖ ਮਹਿਮਾਨ ਨੂੰ ਬੁਕੇ ਦੇਣ ਦੇ ਬਜਾਏ ਗੁਲਦੋਦੀ ਪੋਟ ਦਿੱਤਾ ਜਾ ਸਕਦਾ, ਜੋ ਕਿ ਇੱਕ-ਡੇਢ ਮਹੀਨਾ ਫੁੱਲ ਦੇਵੇਗਾ।

**ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮਾਹਰਾਂ ਨਾਲ ਸੰਪਰਕ ਕਰ ਸਕਦੇ ਹੋ।**




ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ


ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri.Info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com

ਡਾ. ਸੁਖਦੀਪ ਸਿੰਘ ਹੁੰਦਲ, ਮੋਬਾਇਲ : 75080 18842





# ਬਾਗ ਲਗਾਓ ਵਾਤਾਵਰਨ ਬਚਾਓ

**ਫਲ ਲੰਬੇ ਸਮੇਂ ਦੀ ਫਸਲ ਹੁੰਦੀ ਹੈ, ਇਹ ਕਿੱਤਾ ਨਾ ਸਿਰਫ ਮਹਿੰਗਾ ਹੁੰਦਾ ਹੈ, ਸਗੋਂ ਵੱਖ-ਵੱਖ ਕਿਸਮਾਂ ਵਿਚ 3-6 ਸਾਲਾਂ ਵਿਚ ਫਲ ਆਉਣ ਦਾ ਸਮਾਂ ਹੋਣ ਕਰਕੇ ਇਨ੍ਹਾਂ ਨੂੰ ਲਗਾਉਣ ਲਈ ਸਮੁੱਚੀ ਵਿਉਂਤਬੰਦੀ ਦੀ ਲੋੜ ਹੁੰਦੀ ਹੈ ਤਾਂ ਕਿ ਬਾਅਦ ਵਿਚ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਇਨ੍ਹਾਂ ਦੀ ਕਾਮਯਾਬੀ ਲਈ ਉਸ ਵਿਚ ਜਲਵਾਯੂ ਤੇ ਜ਼ਮੀਨ ਦੇ ਅਨੁਕੂਲ ਹੀ ਫਲਦਾਰ ਬੂਟੇ ਲਗਾਉਣੇ ਚਾਹੀਦੇ ਹਨ।**



ਫਲ ਨਾ ਸਿਰਫ ਸਿਹਤ ਨੂੰ ਤੰਦਰੁਸਤ ਰੱਖਣ ਲਈ ਜ਼ਰੂਰੀ ਖੁਰਾਕੀ ਤੱਤ ਜਿਵੇਂ ਕਿ ਕੈਲਸ਼ੀਅਮ, ਫਾਸਫੋਰਸ, ਖਣਿਜ, ਵਿਟਾਮਿਨ, ਧਾਤਾਂ ਆਦਿ ਮੁਹੱਈਆ ਕਰਵਾਉਂਦੇ ਹਨ ਉੱਥੇ ਵਧੀਆ ਆਮਦਨ ਦਾ ਸੋਮਾ ਅਤੇ ਵਾਤਾਵਰਨ ਨੂੰ ਸ਼ੁੱਧ ਰੱਖਣ ਦਾ ਕੰਮ ਵੀ ਕਰਦੇ ਹਨ। ਫਲ ਲੰਬੇ ਸਮੇਂ ਦੀ ਫਸਲ ਹੁੰਦੀ ਹੈ, ਇਹ ਕਿੱਤਾ ਨਾ ਸਿਰਫ ਮਹਿੰਗਾ ਹੁੰਦਾ ਹੈ, ਸਗੋਂ ਵੱਖ-ਵੱਖ ਕਿਸਮਾਂ ਵਿਚ 3-6 ਸਾਲਾਂ ਵਿਚ ਫਲ ਆਉਣ ਦਾ ਸਮਾਂ ਹੋਣ ਕਰਕੇ ਇਨ੍ਹਾਂ ਨੂੰ ਲਗਾਉਣ ਲਈ ਸਮੁੱਚੀ ਵਿਉਂਤਬੰਦੀ ਦੀ ਲੋੜ ਹੁੰਦੀ ਹੈ ਤਾਂ ਕਿ ਬਾਅਦ ਵਿਚ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਇਨ੍ਹਾਂ ਦੀ ਕਾਮਯਾਬੀ ਲਈ ਉਸ ਵਿਚ ਜਲਵਾਯੂ ਤੇ ਜ਼ਮੀਨ ਦੇ ਅਨੁਕੂਲ ਹੀ ਫਲਦਾਰ ਬੂਟੇ ਲਗਾਉਣੇ ਚਾਹੀਦੇ ਹਨ। ਇਸ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਸਮੁੱਚੇ ਪੰਜਾਬ ਨੂੰ ਪੰਜ ਇਲਾਕਿਆਂ ਵਿਚ ਵੰਡਿਆ ਗਿਆ ਹੈ ਅਤੇ ਦਿੱਤੇ ਚਾਰਟ ਅਨੁਸਾਰ ਫਲਦਾਰ ਬੂਟਿਆਂ ਦੀ ਸਿਫਾਰਸ਼ ਕੀਤੀ ਗਈ ਹੈ।

**ਸਿਫਾਰਸ਼ ਕੀਤੇ ਫਲਦਾਰ ਬੂਟੇ**

**ਨੀਮ ਪਹਾੜੀ ਇਲਾਕਾ (ਕੰਢੀ ਇਲਾਕੇ ਤੋਂ ਬਿਨਾਂ)**

ਜ਼ਿਲ੍ਹਾ ਰੂਪ ਨਗਰ, ਹੁਸ਼ਿਆਰਪੁਰ, ਪਠਾਨਕੋਟ, ਸ਼ਹੀਦ ਭਗਤ ਸਿੰਘ ਨਗਰ ਦੀ ਬਲਾਚੌਰ ਤਹਿਸੀਲ, ਗੁਰਦਾਸਪੁਰ (ਬਟਾਲਾ ਤਹਿਸੀਲ ਤੋਂ ਬਿਨਾਂ), ਫਤਹਿਗੜ੍ਹ ਸਾਹਿਬ ਦਾ ਬੱਸੀ ਪਠਾਣਾ ਬਲਾਕ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਅਤੇ ਕੇਂਦਰੀ ਪ੍ਰਦੇਸ਼ ਚੰਡੀਗੜ੍ਹ।

**ਮੁੱਖ ਫਲ** : ਅੰਬ, ਲੀਚੀ, ਕਿੰਨੂ, ਹੋਰ ਸੰਗਤਰੇ, ਨਾਸ਼ਪਾਤੀ, ਅਮਰੂਦ, ਆੜੂ, ਚੀਕੂ, ਆਮਲਾ, ਅਲੂਚਾ।

**ਘੱਟ ਮਹੱਤਤਾ ਦੇ ਫਲ** : ਕਾਗਜ਼ੀ ਨਿੰਬੂ, ਬਾਰਾਮਾਸੀ ਨਿੰਬੂ ਅਤੇ ਲੁਕਾਠ

**ਕੇਂਦਰੀ ਇਲਾਕਾ**

ਜ਼ਿਲ੍ਹਾ ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਜਲੰਧਰ, ਲੁਧਿਆਣਾ, ਗੁਰਦਾਸਪੁਰ ਦੀ ਬਟਾਲਾ ਤਹਿਸੀਲ, ਪਟਿਆਲਾ, ਮੋਗਾ, ਫਤਹਿਗੜ੍ਹ ਸਾਹਿਬ (ਬਿਨਾਂ ਬਲਾਚੌਰ ਤਹਿਸੀਲ), ਬਰਨਾਲਾ, ਸੰਗਰੂਰ (ਬਿਨਾਂ ਸੁਨਾਮ ਤਹਿਸੀਲ), ਫਿਰੋਜ਼ਪੁਰ ਜ਼ਿਲ੍ਹੇ ਦੀ ਫਿਰੋਜ਼ਪੁਰ ਤੇ ਜ਼ੀਰਾ ਤਹਿਸੀਲ)

**ਮੁੱਖ ਫਲ** : ਨਾਸ਼ਪਾਤੀ, ਅਮਰੂਦ, ਆੜੂ, ਅਲੂਚਾ।

**ਘੱਟ ਮਹੱਤਤਾ ਦੇ ਫਲ** : ਅੰਗੂਰ, ਅੰਬ, ਕਿੰਨੂ, ਆਮਲਾ, ਹੋਰ ਸੰਗਤਰੇ, ਬੇਰ, ਮਾਲਟਾ, ਕਾਗਜ਼ੀ ਨਿੰਬੂ ਅਤੇ ਬਾਰਾਮਾਸੀ ਨਿੰਬੂ। ਕੇਲਾ ਬਿਨਾਂ, ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਜਲੰਧਰ ਅਤੇ ਕਪੂਰਥਲਾ ਜ਼ਿਲ੍ਹਾ।

**ਸੇਂਜੂ ਖੁਸ਼ਕ ਇਲਾਕਾ**

ਜ਼ਿਲ੍ਹਾ ਬਠਿੰਡਾ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਫਿਰੋਜ਼ਪੁਰ (ਫਿਰੋਜ਼ਪੁਰ ਤੇ ਜ਼ੀਰਾ ਤਹਿਸੀਲ ਛੱਡ ਕੇ), ਫਾਜ਼ਿਲਕਾ ਅਤੇ ਸੰਗਰੂਰ ਜ਼ਿਲ੍ਹੇ ਦੀ ਸੁਨਾਮ ਤਹਿਸੀਲ।

**ਮੁੱਖ ਫਲ** : ਕਿੰਨੂ, ਹੋਰ ਸੰਗਤਰੇ, ਮਾਲਟਾ, ਬੇਰ, ਅਮਰੂਦ, ਆਂਵਲਾ।

**ਘੱਟ ਮਹੱਤਤਾ ਦੇ ਫਲ** : ਗਰੇਪ ਫਰੂਟ, ਕਾਗਜ਼ੀ ਨਿੰਬੂ, ਬਾਰਾਮਾਸੀ ਨਿੰਬੂ, ਨਾਸ਼ਪਾਤੀ, ਆੜੂ, ਅਲੂਚਾ, ਆਂਵਲਾ, ਅਨਾਰ, ਖਜੂਰ, ਕੇਲਾ ਮੁਕਤਸਰ ਅਤੇ ਫਰੀਦਕੋਟ ਨੂੰ ਛੱਡ ਕੇ ਜਿੱਥੇ ਮਿੱਟੀ ਦੀ ਪੀ. ਐੱਚ. 8.5 ਤੋਂ ਘੱਟ ਹੋਵੇ।

**ਖਾਸ ਇਲਾਕੇ**

**(ੳ) ਕੰਢੀ ਦਾ ਇਲਾਕਾ**

**ਮੁੱਖ ਫਲ** : ਬੇਰ, ਅਮਰੂਦ, ਆਂਵਲਾ, ਅੰਬ, ਗਲਗਲ।

**ਘੱਟ ਮਹੱਤਤਾ ਦੇ ਫਲ** : ਕਿੰਨੂ, ਹੋਰ ਸੰਗਤਰੇ, ਕਾਗਜ਼ੀ ਨਿੰਬੂ, ਬਾਰਾਮਾਸੀ ਨਿੰਬੂ।

**(ਅ) ਬੇਟ ਦਾ ਇਲਾਕਾ**

**ਮੁੱਖ ਫਲ** : ਨਾਸ਼ਪਾਤੀ, ਅਮਰੂਦ, ਕੇਲਾ, ਅਲੂਚਾ, ਬੇਰ।

**ਘੱਟ ਮਹੱਤਤਾ ਦੇ ਫਲ** : ਫਾਲਸਾ

**ਜ਼ਮੀਨ** :

ਫਲਦਾਰ ਬੂਟੇ ਲਗਾਉਣ ਲਈ ਜ਼ਮੀਨ ਡੂੰਘੀ, ਪਾਣੀ ਦੇ ਚੰਗੇ ਨਿਕਾਸ ਵਾਲੀ, ਦਰਮਿਆਨੀ ਭਾਰੀ ਅਤੇ ਉਪਜਾਊ ਹੋਣੀ ਚਾਹੀਦੀ ਹੈ। ਇਹ ਜ਼ਮੀਨ ਸੇਮ, ਲੂਣੀ ਜਾਂ ਤੇਜ਼ਾਬੀ ਨਹੀਂ ਹੋਣੀ ਚਾਹੀਦੀ। ਇਸ ਦੇ ਪਾਣੀ ਦਾ ਪੱਧਰ ਵੀ ਡੂੰਘਾ ਅਤੇ ਉੱਪਰਲੇ ਦੋ ਮੀਟਰ ਵਿਚ ਰੋੜ ਨਹੀਂ ਹੋਣੀ ਚਾਹੀਦਾ। ਇਸ ਦੀ ਪੀ ਐਚ ਨਿੰਬੂ ਜਾਤੀ ਅਤੇ ਆੜੂ ਲਈ 8.5 ਤੋਂ ਘੱਟ ਅਤੇ ਦੂਜੇ ਫਲਦਾਰ ਬੂਟਿਆਂ ਲਈ ਉੱਪਰਲੇ



ਦੋ ਫੁੱਟ ਤੱਕ 8.7 ਤੱਕ ਅਤੇ ਹੇਠਾਂ 9.0 ਤੱਕ ਵੀ ਹੋ ਸਕਦੀ ਹੈ।

**ਮਿੱਟੀ ਪਰਖ** : ਫਲਦਾਰ ਬੂਟੇ ਖਾਸ ਕਰਕੇ ਬਾਗ ਲਗਾਉਣ ਤੋਂ ਪਹਿਲਾਂ ਮਿੱਟੀ ਪਰਖ ਜਰੂਰ ਕਰਵਾ ਲੈਣੀ ਚਾਹੀਦੀ ਹੈ ਅਤੇ ਇਸ ਲਈ ਜ਼ਮੀਨ ਦੀ ਦੋ ਮੀਟਰ ਡੂੰਘਾਈ ਤੱਕ ਸੱਤ ਤਹਿਆਂ ਵਿਚੋਂ ਅੱਧਾ-ਅੱਧਾ ਕਿਲੋ ਮਿੱਟੀ ਦਾ ਨਮੂਨਾ ਇਸ ਢੰਗ ਨਾਲ ਲਵੋ ਕਿ ਪਹਿਲੇ ਦੋ ਨਮੂਨੇ 15-15 ਸੈਂਟੀਮੀਟਰ ਦੀ ਡੂੰਘਾਈ ਤੋਂ ਬਾਕੀ ਚਾਰ ਨਮੂਨੇ 30-30 ਸੈਂਟੀਮੀਟਰ ਦੀ ਡੂੰਘਾਈ ਤੋਂ ਅਤੇ ਅਖੀਰਲਾ ਨਮੂਨਾ 50 ਸੈਂਟੀਮੀਟਰ ਦੀ ਤਹਿ ਤੋਂ 150 ਤੋਂ 200 ਸੈਂਟੀਮੀਟਰ ਤੋਂ ਲਵੋ। ਨਮੂਨੇ ਲੋਹੇ ਦੀ ਬੋਕੀ, ਆਗਰ ਜਾਂ ਟੋਆ ਪੁੱਟ ਕੇ ਲਏ ਜਾ ਸਕਦੇ ਹਨ। ਜੇਕਰ ਕੋਈ ਸਖਤ ਜਾਂ ਪਥਰੀਲੀ ਤਹਿ ਆ ਜਾਵੇ ਤਾਂ ਉਸ ਦੀ ਡੂੰਘਾਈ ਤੇ ਮੋਟਾਈ ਵੇਖ ਕੇ ਵੱਖਰਾ ਨਮੂਨਾ ਲੈ ਲਵੋ। ਹਰ ਨਮੂਨੇ ਨੂੰ ਵੱਖਰੀ ਥੈਲੀ ਵਿਚ ਪਾ ਕੇ ਉਸ ਉੱਪਰ ਡੂੰਘਾਈ ਦੀ ਤਹਿ ਅਤੇ ਖੇਤ ਦੀ ਨਿਸ਼ਾਨੀ ਲਿਖ ਦਿਓ। ਇਹ ਨਮੂਨੇ ਨੇੜੇ ਦੀ ਮਿੱਟੀ ਪਰਖ ਪ੍ਰਯੋਗਸ਼ਾਲਾ ਵਿਚ ਭੇਜ ਦਿਓ ਅਤੇ ਇਸਦੀ ਰਿਪੋਰਟ ਆਉਣ ਤੋਂ ਬਾਅਦ ਹੀ ਜਾਂ ਜੇਕਰ ਪਹਿਲਾਂ ਕਰਵਾਈ ਹੈ ਤਾਂ ਸਿਫਾਰਿਸ਼ ਮੁਤਾਬਿਕ ਬਾਗ ਲਗਾਉਣ ਦੀ ਕਾਰਵਾਈ ਸ਼ੁਰੂ ਕਰਨੀ ਚਾਹੀਦੀ ਹੈ।

**ਵਿਉਂਤਬੰਦੀ** : ਮਿੱਟੀ ਪਰਖ ਦੀ ਰਿਪੋਰਟ ਦੇ ਅਧਾਰ 'ਤੇ ਜਿਸ ਤਰ੍ਹਾਂ ਦੇ ਫਲਦਾਰ ਬੂਟੇ ਉਸ ਜ਼ਮੀਨ 'ਚ ਅਨੁਕੂਲ ਹੋਣ, ਉਸ ਅਨੁਸਾਰ ਹੀ ਬਾਗਬਾਨੀ ਮਾਹਿਰ ਦੀ ਸਲਾਹ ਨਾਲ ਨਿਸ਼ਾਨਦੇਹੀ ਦਾ ਕੰਮ ਸ਼ੁਰੂ ਕਰਨਾ ਚਾਹੀਦਾ ਹੈ ਅਤੇ ਫਲ ਦੀ ਕਿਸਮ ਮੁਤਾਬਿਕ ਢੁੱਕਵੇਂ ਫਾਸਲੇ 'ਤੇ ਨਿਸ਼ਾਨ ਲਗਾ ਕੇ ਬਾਅਦ ਵਿਚ ਟੋਏ ਪੁੱਟਣ ਦਾ ਕੰਮ ਸ਼ੁਰੂ ਕਰਨਾ ਚਾਹੀਦਾ ਹੈ। ਹਰ ਬੂਟੇ ਲਈ ਇਕ ਮੀਟਰ ਡੂੰਘੇ ਤੇ ਇਕ ਮੀਟਰ ਘੇਰੇ ਵਾਲੇ ਟੋਏ ਪੁੱਟ ਕੇ ਇਨ੍ਹਾਂ ਵਿਚ ਉਪਰਲੀ ਮਿੱਟੀ ਅਤੇ ਦੇਸੀ ਰੂੜੀ ਬਰਾਬਰ ਮਾਤਰਾ ਵਿਚ ਪਾ ਕੇ ਟੋਏ ਜ਼ਮੀਨ ਤੋਂ ਥੋੜ੍ਹਾ ਉੱਚੇ ਭਰ ਦੇਣੇ ਚਾਹੀਦੇ ਹਨ। ਇਹ ਸਾਰਾ ਕੰਮ ਅੱਧ ਜੁਲਾਈ ਤੋਂ ਪਹਿਲਾਂ ਕਰ ਦੇਣਾ ਚਾਹੀਦਾ ਹੈ ਤੇ ਇੱਕ-ਦੋ ਬਰਸਾਤਾਂ ਤੋਂ ਬਾਅਦ ਟੋਏ ਵਿਚ ਫਲਦਾਰ ਬੂਟੇ ਲਾ ਦੇਣੇ ਚਾਹੀਦੇ ਹਨ।

ਸਦਾਬਹਾਰ ਫਲਦਾਰ ਬੂਟੇ ਜਿਵੇਂ ਨਿੰਬੂ ਜਾਤੀ, ਅੰਬ, ਅਮਰੂਦ, ਲੀਚੀ, ਲੁਕਾਠ, ਪਪੀਤਾ, ਚੀਕੂ, ਖਜੂਰ, ਆਂਵਲਾ, ਬਿੱਲ ਆਦਿ ਜੁਲਾਈ ਤੋਂ ਲੈ ਕੇ ਅੱਧ ਅਕਤੂਬਰ ਤੱਕ ਲਾ ਦੇਣੇ ਚਾਹੀਦੇ ਹਨ। ਇਸ ਲਈ ਸਿਹਤਮੰਦ, ਪਿਉਂਦੀ, ਬਿਮਾਰੀ/ਕੀੜੇ ਰਹਿਤ ਫਲਦਾਰ ਬੂਟੇ ਬਾਗਬਾਨੀ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਜਾਂ ਮਾਨਤਾ ਪ੍ਰਾਪਤ ਨਰਸਰੀਆਂ ਤੋਂ ਹੀ ਲੈਣੇ ਚਾਹੀਦੇ ਹਨ।

**ਕੀੜਿਆਂ ਅਤੇ ਰੋਗਾਂ ਤੋਂ ਬਚਾਅ** : ਕੀਟ ਨਾਸ਼ਕ ਅਤੇ ਉੱਲੀ ਨਾਸ਼ਕਾਂ ਦੀ ਵਰਤੋਂ ਲੋੜ ਅਨੁਸਾਰ ਸਮੇਂ ਸਿਰ ਕਰੋ। ਘਰ ਦੀ ਵਰਤੋਂ ਲਈ ਲਗਾਈ ਬਗੀਚੀ ਵਿਚ ਇਨ੍ਹਾਂ ਦੀ ਵਰਤੋਂ ਬਿਲਕੁਲ ਨਹੀਂ ਕਰਨੀ ਚਾਹੀਦੀ। ਬਰਸਾਤਾਂ ਵਿਚ ਉੱਲੀ ਨਾਸ਼ਕ ਰੋਗਾਂ ਦੀ ਰੋਕਥਾਮ ਲਈ 2 ਕਿਲੋ ਨੀਲਾ ਥੋਥਾ (ਕਾਪਰ ਸਲਫੇਟ), 2 ਕਿਲੋ ਅਣਬੁਝਿਆ ਚੂਨਾ ਨੂੰ 250 ਲਿਟਰ ਪਾਣੀ ਵਿਚ ਘੋਲ ਕੇ ਸਪਰੇਅ ਕਰੋ। ਕੀੜਿਆਂ ਦੀ ਰੋਕਥਾਮ ਲਈ ਨਿੰਮ ਦੇ ਘੋਲ ਦਾ ਛਿੜਕਾਓ ਕਰੋ। ਫਲ ਦੀ ਮੱਖੀ ਦੀ ਰੋਕਥਾਮ ਲਈ ਪੀ.ਏ.ਯੂ ਫਰੂਟ ਫਲਾਈ ਟਰੈਪ ਦੀ ਵਰਤੋਂ ਕਰਨੀ ਚਾਹੀਦੀ ਹੈ।

**ਖਾਦ ਖੁਰਾਕ** : ਬੂਟੇ ਦੇ ਵਧੀਆ ਵਾਧੇ ਨਹੀ ਗਲੀ ਸੜੀ ਰੂੜੀ ਖਾਦ ਦੀ ਵਰਤੋਂ ਕਰਨੀ ਚਾਹੀਦੀ ਹੈ। ਕੱਚੀ ਰੂੜੀ ਜਾਂ ਗੋਹਾ ਪਾਉਣ ਨਾਲ ਸਿਉਂਕ ਲੱਗਣ ਦਾ ਖਤਰਾ ਰਹਿੰਦਾ ਹੈ। ਆਮ ਤੌਰ 'ਤੇ ਰੂੜੀ ਖਾਦ ਬੂਟਿਆਂ ਨੂੰ ਹਰ ਸਾਲ ਦਸੰਬਰ ਵਿਚ, ਪਰ ਅਮਰੂਦ ਤੇ ਬੇਰ ਨੂੰ ਬੂਟਿਆਂ ਨੂੰ ਮਈ-ਜੂਨ ਦੇ ਮਹੀਨੇ ਪਾਉਣੀ ਚਾਹੀਦੀ ਹੈ। ਜੈਵਿਕ ਖਾਦ ਵੀ ਦੋ ਹਿੱਸਿਆਂ ਵਿਚ ਤਣੇ ਤੋਂ ਤਕਰੀਬਨ ਇਕ ਫੁੱਟ ਦੀ ਦੂਰੀ ਤੋਂ ਬਾਹਰ ਵੱਲ ਖਲਾਰ ਕੇ ਪਾਉਣੀ ਚਾਹੀਦੀ ਹੈ, ਭਾਵ ਅੱਧੀ ਫੁੱਲ ਖਿੜ੍ਹਣ ਤੋਂ ਪਹਿਲਾਂ ਅਤੇ ਅੱਧੀ ਫਲ ਬਣਨ ਤੋਂ ਤੁਰੰਤ ਮਗਰੋਂ।

| ਫਲਦਾਰ ਬੂਟੇ ਦਾ ਨਾਂ | ਪੀ.ਏ.ਯੂ. ਵਲੋਂ ਸਿਫਾਰਿਸ਼ ਕਿਸਮਾਂ | ਸਾਧਾਰਣ ਦੂਰੀ ਫਾਸਲਾ (ਫੁੱਟ) | ਗਿਣਤੀ ਪ੍ਰਤੀ ਏਕੜ |
|---|---|---|---|
| 1. ਨਿੰਬੂ ਜਾਤੀ | | | |
| ਮਾਲਟਾ | ਅਰਲੀ ਗੋਲਡ, ਵਲੈਸ਼ੀਆਂ, ਮੁਸੰਮੀ, ਜਾਫਾ, ਬਲੱਡ ਰੈੱਡ | 20 | 110 |
| ਸੰਗਤਰਾ | ਪੀ.ਏ.ਯੂ. ਕਿੰਨੂ1, ਡੇਜ਼ੀ, ਡਬਲਿਯੂ ਮਰਕਟ, ਕਿੰਨੂ, ਦੇਸੀ ਸੰਤਰਾ | | |
| ਨਿੰਬੂ | ਪੰਜਾਬ ਬਾਰਾਮਾਸੀ ਨਿੰਬੂ, ਪੰਜਾਬ ਗਲਗਲ, ਪੀ.ਏ.ਯੂ. ਬਾਰਾਮਾਸੀ ਨਿੰਬੂ-1, ਯੁਰੇਕਾ, ਕਾਗਜ਼ੀ ਗਰੇਪ ਫਰੂਟ | | |
| | ਸਟਾਰ ਰੂਬੀ, ਰੈੱਡ ਬਲੱਸ਼, ਮਾਰਸ਼ ਸੀਡਲੈੱਸ, ਡੰਕਨ, ਫੋਸਟਰ | | |
| 2. ਅੰਬ | ਐਲਫੈਂਜ਼ੋ, ਦੁਸਹਿਰੀ, ਲੰਗੜਾ, ਗੰਗੀਆਂ ਸੰਧੂਰੀ, ਜੀ.ਐਨ. 1 ਤੋਂ 7 | 30 | 49 |
| 3. ਅਮਰੂਦ | ਪੰਜਾਬ ਐਪਲ ਅਮਰੂਦ, ਪੰਜਾਬ ਕਿਰਨ, ਪੰਜਾਬ ਸਫੈਦਾ, ਸ਼ਵੇਤਾ, ਪੰਜਾਬ-ਪ੍ਰਿੰਕ, ਅਰਕਾ ਅਮੁਲਿਆ, ਅਲਾਹਾਬਾਦ ਸਫੈਦਾ, ਸਰਦਾਰ | 20 | 110 |
| 4. ਲੀਚੀ | ਦੇਰਾਦੂਨ, ਕਲਕੱਤੀਆ, ਸੀਡਲੈਸ ਲੇਟ | 25 | 72 |
| 5. ਲੁਕਾਠ | ਕੈਲੀਫੋਰਨੀਆ ਐਡਵਾਂਸ, ਗੋਲਡਨ ਯੈਲੋ, ਪੇਲ ਯੈਲੋ | 22 | 90 |
| 6. ਪਪੀਤਾ | ਰੈੱਡ ਲੇਡੀ, ਪੰਜਾਬ ਸਵੀਟ, ਪੂਸਾ ਡਲੀਸ਼ੀਅਸ, ਪੂਸਾ ਡਵਾਰਫ | 6 | 1230 |
| 7. ਚੀਕੂ | ਕਾਲੀਪੱਤੀ, ਕ੍ਰਿਕਟਬਾਲ | 30 | 49 |
| 8. ਖਜੂਰ | ਹਲਾਵੀ, ਬਰੀ | 27 | 60 |
| 9. ਆਂਵਲਾ | ਬਲਵੰਤ, ਨੀਲਮ, ਕੰਚਨ | 25 | 72 |
| 10. ਬਿੱਲ | ਕਾਗਜ਼ੀ | 20 | 110 |
| **ਸੰਘਣੀ ਪ੍ਰਣਾਲੀ/ਦੂਰੀ** | | | |
| 1. ਕਿੰਨੂ | | 20×10 | 220 |
| 2. ਅਮਰੂਦ | | 20×17 | 132 |

RNI Regd. No. PUNPUN00806




# ਸਫਲ ਬੀਜ ਉਤਪਾਦਕ ਗੁਰਿੰਦਰ ਪਾਲ ਸਿੰਘ



ਪੰਜਾਬ ਦੀ ਧਰਤੀ ਇੱਥੇਂ ਦੇ ਮਿਹਨਤਕੱਸ਼ ਅਤੇ ਉੱਦਮੀ ਕਿਸਾਨਾਂ ਦੇ ਪਸੀਨੇ ਨਾਲ ਸਿੰਜ ਕੇ ਹਰੀ ਭਰੀ ਹੁੰਦੀ ਹੈ। ਇੱਥੇਂ ਦੇ ਕਿਸਾਨ ਖੇਤੀਬਾੜੀ ਨੂੰ ਆਪਣਾ ਧਰਮ ਮੰਨਦੇ ਹਨ। ਆਪਣੀ ਮਿਹਨਤ ਅਤੇ ਲਗਨ ਸਦਕਾ ਪੰਜਾਬ ਦੇ ਕਿਸਾਨਾਂ ਨੇ ਪੂਰੀ ਦੁਨੀਆਂ ਵਿਚ ਆਪਣਾ ਇਕ ਵਿਸ਼ੇਸ਼ ਸਥਾਨ ਬਣਾਇਆ ਹੈ। ਅਜਿਹਾ ਹੀ ਇਕ ਕਿਸਾਨ ਹੈ ਪਿੰਡ-ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ ਦਾ ਵਸਨੀਕ ਗੁਰਿੰਦਰ ਪਾਲ ਸਿੰਘ। ਇਹ ਕਿਸਾਨ ਆਪਣੀ ਕੁਲ 28 ਏਕੜ ਜ਼ਮੀਨ ਤੇ ਪੂਰੀ ਕਾਮਯਾਬੀ ਨਾਲ ਸਫਲ ਖੇਤੀ ਕਰਕੇ ਬੀਜ ਉਤਪਾਦਨ ਦਾ ਕੰਮ ਕਰਦਾ ਹੈ। ਗੁਰਿੰਦਰ ਪਾਲ ਸਿੰਘ ਮੁੱਖ ਤੌਰ ਤੇ ਕਣਕ, ਝੋਨਾ, ਬਾਸਮਤੀ, ਸਰੋਂ, ਗੰਨਾ, ਮਸਰ, ਛੋਲੇ, ਮੂੰਗੀ, ਮੌਸਮੀ ਸਬਜ਼ੀਆਂ, ਹਲਦੀ, ਪਿਆਜ਼, ਖਸਖਸ ਆਦਿ ਫਸਲਾਂ ਦੀ ਕਾਸ਼ਤ ਕਰਦਾ ਹੈ। ਇਸ ਤੋਂ ਇਲਾਵਾ ਗੁਰਿੰਦਰ ਪਾਲ ਸਿੰਘ ਨੇ ਆਪਣੇ ਫਾਰਮ ਤੇ ਕੁਝ ਫਲਦਾਰ ਰੁੱਖ ਵੀ ਲਗਾਏ ਹੋਏ ਹਨ ਜਿਵੇਂ ਅੰਬ, ਜਾਮਣ, ਕਿੰਨੂ, ਆਂਵਲਾ, ਅਮਰੂਦ, ਖੁਰਮਾਨੀ, ਅੰਜੀਰ, ਆੜੂ, ਕਟਹਲ ਆਦਿ। ਗੁਰਿੰਦਰ ਪਾਲ ਸਿੰਘ ਨੇ ਸਹਾਇਕ ਕਿੱਤੇ



ਵਜੋਂ 10 ਮੱਝਾਂ ਅਤੇ ਦੋ ਦੇਸੀ ਨਸਲ ਦੀਆਂ ਗਾਵਾਂ ਵੀ ਪਾਲੀਆਂ ਹੋਈਆਂ ਹਨ। ਇਹਨਾਂ ਪਸ਼ੂਆਂ ਦਾ ਦੁੱਧ ਵੇਚ ਕੇ ਆਪਣੀ ਘਰੇਲੂ ਆਮਦਨ ਵਿਚ ਵਾਧਾ ਕੀਤਾ ਜਾਂਦਾ ਹੈ। ਇਹਨਾਂ ਪਸ਼ੂਆਂ ਲਈ ਚਾਰਾ ਵੀ ਗੁਰਿੰਦਰ ਪਾਲ ਸਿੰਘ ਆਪਣੇ ਖੇਤਾਂ ਵਿਚ ਹੀ ਪੈਦਾ ਕਰਦਾ ਹੈ ਜਿਸ ਵਿਚ ਮੁੱਖ ਤੌਰ ਤੇ ਬਰਸੀਮ, ਮੱਖਣ ਘਾਹ, ਮੱਕੀ, ਜਵਾਰ, ਬਾਜਰਾ ਆਦਿ ਸ਼ਾਮਿਲ ਹਨ। ਆਪਣੀਆਂ ਖੇਤੀ ਜਿਣਸਾਂ ਦਾ ਬੀਜ ਉਤਪਾਦਨ ਗੁਰਿੰਦਰ ਪਾਲ ਸਿੰਘ ਦਾ ਮੁੱਖ ਕਿੱਤਾ ਹੈ। ਇਹ ਕਿਸਾਨ ਇਹਨਾਂ ਫਸਲਾਂ ਨੂੰ ਅਨਾਜ ਦੇ ਤੌਰ ਤੇ ਬਹੁਤ ਘੱਟ ਵੇਚਦਾ ਹੈ ਜ਼ਿਆਦਾਤਰ ਜਿਣਸਾਂ ਦਾ ਬੀਜ ਉਤਪਾਦਨ ਕਰਕੇ ਹੀ ਵੇਚਣ ਨੂੰ ਪਹਿਲ ਦਿੰਦਾ ਹੈ। ਗੁਰਿੰਦਰ ਪਾਲ ਸਿੰਘ ਕਣਕ ਦੀਆਂ ਮੁੱਖ ਕਿਸਮਾਂ ਜਿਵੇ ਡੀ.ਬੀ. ਡਬਲਯੂ. 327, 370, 371, 372 ਅਤੇ ਪੀ.ਬੀ. ਡਬਲਯੂ. 826 ਦਾ ਬੀਜ ਉਤਪਾਦਨ ਕਰਦਾ ਹੈ। ਬਾਸਮਤੀ ਦੀਆਂ ਪ੍ਰਮਾਣਿਤ ਕਿਸਮਾਂ ਜਿਵੇਂ ਪੂਸਾ 1847, 1885, 1886, ਪੰਜਾਬ ਬਾਸਮਤੀ-7, ਪੀ.ਆਰ.126, ਪੂਸਾ-44 ਆਦਿ ਕਿਸਮਾਂ ਦਾ ਬੀਜ ਉਤਪਾਦਨ ਕਰਦਾ ਹੈ। ਇਸ ਤੋਂ ਇਲਾਵਾ ਸਰ੍ਹੋਂ ਦੀ ਖਾਸ ਕਿਸਮ ਪੂਸਾ ਮਸਟਰਡ 0033 (ਕਨੋਲਾ ਸਰੋਂ) ਦਾ ਬੀਜ ਉਤਪਾਦਨ ਵੀ ਕਰਦਾ ਹੈ। ਬੀਜ ਉਤਪਾਦਨ ਦੀ ਤਕਨੀਕੀ ਸਿਖਲਾਈ ਗੁਰਿੰਦਰ ਪਾਲ ਸਿੰਘ ਨੇ ਪੂਸਾ ਯੂਨੀਵਰਸਿਟੀ, ਦਿੱਲੀ ਅਤੇ ਖੇਤੀਬਾੜੀ ਯੂਨੀਵਰਸਿਟੀ ਕਰਨਾਲ ਤੋਂ ਲਈ। ਆਪਣੀਆਂ ਫਸਲਾਂ ਦੀ ਸਿੰਚਾਈ ਗੁਰਿੰਦਰ ਪਾਲ ਸਿੰਘ ਨਹਿਰੀ ਪਾਣੀ ਨਾਲ ਕਰਦਾ ਹੈ ਅਤੇ ਇਸ ਤੋਂ ਇਲਾਵਾ ਇਸ ਦੇ ਖੇਤਾਂ ਵਿਚ ਲਗਭਗ 6 ਦੇ ਕਰੀਬ ਟਿਊਬਵੈੱਲ ਵੀ ਲੱਗੇ ਹੋਏ ਹਨ। ਝੋਨੇ ਦੀ ਪਰਾਲੀ ਨੂੰ ਜ਼ਮੀਨ ਵਿਚ ਹੀ ਨਸ਼ਟ ਕਰਨ ਲਈ ਪੂਸਾ ਯੂਨੀਵਰਸਿਟੀ, ਦਿੱਲੀ ਦੀ ਖਾਸ ਪੇਸ਼ਕਸ਼ ਡੀ. ਕੰਪੋਜ਼ਰ ਦੀ ਵਰਤੋਂ ਕਰਕੇ ਆਪਣੇ ਖੇਤਾਂ ਦੀ ਸਾਰੀ ਪਰਾਲੀ ਨੂੰ ਖੇਤਾਂ ਵਿਚ ਹੀ ਜਜ਼ਬ ਕੀਤਾ ਜਾਂਦਾ ਹੈ ਜਿਸ ਨਾਲ ਜ਼ਮੀਨ ਦੀ ਸਿਹਤ ਵੀ ਵਧੀਆ ਹੁੰਦੀ ਹੈ ਅਤੇ ਫਸਲਾਂ ਦਾ ਝਾੜ ਵੀ ਜ਼ਿਆਦਾ ਅਤੇ ਮਿਆਰੀ ਆਉਂਦਾ ਹੈ। ਕਣਕ ਦੀ ਬਿਜਾਈ ਸੁਪਰ ਸੀਡਰ ਨਾਲ ਕੀਤੀ ਜਾਂਦੀ ਹੈ ਅਤੇ ਜਿਸ ਨਾਲ ਸਮਾਂ ਵੀ ਬਚਦਾ ਹੈ ਅਤੇ ਬਿਜਾਈ ਵੀ ਇਕਸਾਰ ਹੁੰਦੀ ਹੈ। ਗੁਰਿੰਦਰ ਪਾਲ ਸਿੰਘ ਦੀ ਸਰੋਂ ਦੀ ਫਸਲ ਵੀ ਹੋਰ ਦੂਜੇ ਕਿਸਾਨਾਂ ਨਾਲੋਂ ਵਧੀਆ ਝਾੜ ਦਿੰਦੀ ਹੈ ਅਤੇ ਇਸ ਫਸਲ ਦੀ ਕੁਆਲਿਟੀ ਵੀ ਬਹੁਤ ਮਿਆਰੀ ਹੁੰਦੀ ਹੈ। ਗੁਰਿੰਦਰ ਪਾਲ ਸਿੰਘ ਦੀ ਖੇਤੀ ਕਾਰਗੁਜ਼ਾਰੀ ਨੂੰ ਦੇਖ ਕੇ ਕਰਨਾਲ ਯੂਨੀਵਰਸਿਟੀ ਨੇ ਇਸ ਕਿਸਾਨ ਨੂੰ ਕਈ ਵਾਰ ਸਨਮਾਨਿਤ ਵੀ ਕੀਤਾ ਹੈ ਅਤੇ ਭਾਰਤੀ ਖੇਤੀ ਖੋਜ ਸੰਸਥਾਨ ਦੇ ਉੱਚ ਅਧਿਕਾਰੀ ਅਤੇ ਵਿਗਿਆਨੀ ਵੀ ਇਸ ਕਿਸਾਨ ਦੇ ਖੇਤਾਂ ਵਿਚ ਆਪ ਆ ਕੇ ਖੇਤਾਂ ਦੀ ਸਥਿਤੀ ਮੁਤਾਬਕ ਕੀਮਤੀ ਖੇਤੀ ਸਲਾਹ ਵੀ ਇਸ ਕਿਸਾਨ ਨੂੰ ਦਿੰਦੇ ਹਨ। ਆਪਣੀ ਸੁਵਿਧਾ ਅਤੇ ਸਰੋਤਾਂ ਦੇ ਅਨੁਸਾਰ ਗੁਰਿੰਦਰ ਪਾਲ ਸਿੰਘ ਨੇ ਆਪਣੇ ਘਰ ਬਾਇਓ ਗੈਸ ਪਲਾਂਟ ਅਤੇ ਸੋਲਰ ਸਿਸਟਮ ਵੀ ਲਗਾਇਆ ਹੋਇਆ ਹੈ ਜਿਸ ਨਾਲ ਉਸ ਨੂੰ ਆਰਥਿਕ ਲਾਭ ਵੀ ਹੁੰਦਾ ਹੈ ਅਤੇ ਮਾਨਸਿਕ ਸਕੂਲ ਵੀ ਮਿਲਦਾ ਹੈ। ਗੰਨੇ ਦਾ ਘਰੇਲੂ ਵਰਤੋਂ ਲਈ ਗੁੜ ਵੀ ਬਣਾਇਆ ਜਾਂਦਾ ਹੈ ਜਿਸ ਲਾਲ ਘਰ ਵਿਚ ਮਿੱਠੇ ਦੀ ਲੋੜ ਪੂਰੀ ਹੁੰਦੀ ਰਹਿੰਦੀ ਹੈ। ਪੰਜਾਬ ਰਾਜ ਬੀਜ ਪ੍ਰਮਾਣਨ ਸੰਸਥਾ ਅਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਗੁਰਿੰਦਰ ਪਾਲ ਸਿੰਘ ਆਪਣੇ ਇਸ ਕੰਮ ਨੂੰ ਆਪਣੇ ਜ਼ਿਲ੍ਹੇ ਸੰਗਰੂਰ ਤੋਂ ਲੈ ਕੇ ਦੇਸ਼ ਦੇ ਹੋਰ ਦੂਜੇ ਜ਼ਿਲ੍ਹਿਆਂ ਅਤੇ ਰਾਜਾਂ ਤੱਕ ਵੀ ਫੈਲਾਅ ਚੁੱਕਿਆ ਹੈ। ਗੁਰਿੰਦਰ ਪਾਲ ਸਿੰਘ ਨੇ ਆਪਣੇ ਜ਼ਿਲ੍ਹੇ ਸੰਗਰੂਰ ਤੋਂ ਲੈ ਕੇ ਦੇਸ਼ ਦੇ ਹੋਰ ਦੂਜੇ ਜ਼ਿਲ੍ਹਿਆਂ ਅਤੇ ਰਾਜਾਂ ਤੱਕ ਵੀ ਫੈਲਾਅ ਚੁੱਕਿਆ ਹੈ। ਗੁਰਿੰਦਰ ਪਾਲ ਸਿੰਘ ਨੇ ਆਪਣੇ ਸਾਰੇ ਖੇਤਾਂ ਨੂੰ ਕੰਪਿਊਟਰ ਕਰਾਹੇ ਨਾਲ ਪੱਧਰ ਕਰਵਾਇਆ ਹੋਇਆ ਹੈ ਅਤੇ ਸਾਰਿਆਂ ਖੇਤਾਂ ਵਿਚ ਜ਼ਮੀਨਦੋਜ਼ ਪਾਇਪਾਂ ਵੀ ਪਾਈਆਂ ਹੋਈਆਂ ਹਨ ਜਿਸ ਨਾਲ ਉਹ ਧਰਤੀ ਹੇਠਲੇ ਪਾਣੀ ਦੀ ਸੁਚੱਜੀ ਵਰਤੋਂ ਅਤੇ ਸੰਭਾਲ ਕਰਦਾ ਹੈ। ਇਹ ਕਿਸਾਨ ਆਪਣੀਆਂ ਖੇਤੀ ਜਿਣਸਾਂ ਦੇ ਬੀਜਾਂ ਦੀ ਵਧੀਆ ਪੈਕਿੰਗ ਕਰਕੇ ਸਿੱਧਾ ਹੋਰ ਦੂਜੇ ਕਿਸਾਨਾਂ ਨੂੰ ਵੇਚਦਾ ਹੈ। ਬੀਜ ਉਤਪਾਦਨ ਅਤੇ ਉੱਦਮੀ ਕਿਸਾਨ ਵੱਜੋਂ ਗੁਰਿੰਦਰ ਪਾਲ ਸਿੰਘ ਨੂੰ ਪ੍ਰੇਰਿਤ ਕੀਤਾ ਜਾਂਦਾ ਹੈ ਜਿਸ ਦੇ ਸਦਕਾ ਅੱਜ ਗੁਰਿੰਦਰ ਪਾਲ ਸਿੰਘ ਆਪਣੇ ਸਾਰੇ ਖੇਤਾਂ ਨੂੰ ਕੰਪਿਊਟਰ ਕਰਾਹੇ ਨਾਲ ਪੱਧਰ ਕਰਵਾਇਆ ਹੋਇਆ ਹੈ ਅਤੇ ਸਾਰਿਆਂ ਖੇਤਾਂ ਵਿਚ ਜ਼ਮੀਨਦੋਜ਼ ਪਾਈਪਾਂ ਵੀ ਪਾਈਆਂ ਹੋਈਆਂ ਹਨ ਜਿਸ ਨਾਲ ਉਹ ਧਰਤੀ ਹੇਠਲੇ ਪਾਣੀ ਦੀ ਸੁਚੱਜੀ ਵਰਤੋਂ ਅਤੇ ਸੰਭਾਲ ਕਰਦਾ ਹੈ। ਇਹ ਕਿਸਾਨ ਆਪਣੀਆਂ ਖੇਤੀ ਜਿਣਸਾਂ ਦੇ ਬੀਜਾਂ ਦੀ ਵਧੀਆ ਪੈਕਿੰਗ ਕਰਕੇ ਸਿੱਧਾ ਹੋਰ ਦੂਜੇ ਕਿਸਾਨਾਂ ਨੂੰ ਵੇਚਦਾ ਹੈ। ਬੀਜ ਉਤਪਾਦਨ ਅਤੇ ਉੱਦਮੀ ਕਿਸਾਨ ਵਜੋਂ ਗੁਰਿੰਦਰ ਪਾਲ ਸਿੰਘ ਨੂੰ ਕਈ ਪਿੰਡ, ਜ਼ਿਲ੍ਹਾ ਅਤੇ ਰਾਜ ਪੱਧਰ ਤੇ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਗੁਰਿੰਦਰ ਪਾਲ ਸਿੰਘ ਦਾ ਆਪਣੇ ਜ਼ਿਲ੍ਹੇ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਕ੍ਰਿਸ਼ੀ ਵਿਗਿਆਨ ਕੇਂਦਰ, ਫਾਰਮ ਸਲਾਹਕਾਰ ਸੇਵਾ ਕੇਂਦਰ, ਬਾਗਬਾਨੀ ਵਿਭਾਗ ਆਦਿ ਸਰਕਾਰੀ ਵਿਭਾਗਾਂ ਦੇ ਅਫਸਰਾਂ ਅਤੇ ਖੇਤੀ ਮਾਹਿਰਾਂ ਨਾਲ ਪੂਰਾ ਸੰਪਰਕ ਬਣਿਆ ਰਹਿੰਦਾ ਹੈ। ਭਵਿੱਖ ਵਿਚ ਗੁਰਿੰਦਰ ਪਾਲ ਸਿੰਘ ਮਿੱਟੀ, ਧਰਤੀ ਹੇਠਲੇ ਪਾਣੀ ਅਤੇ ਵਾਤਾਵਰਣ ਦੀ ਸੰਭਾਲ ਨਾਲ ਨਿਰੰਤਰ ਉਪਰਾਲੇ ਕਰਦਾ ਰਹੇਗਾ। ਝੋਨੇ ਦੀ ਪਰਾਲੀ ਨੂੰ ਜ਼ਮੀਨ ਵਿਚ ਹੀ ਜਜ਼ਬ ਕਰੇਗਾ ਅਤੇ ਹੋਰ ਦੂਜੇ ਕਿਸਾਨਾਂ ਨੂੰ ਵੀ ਇਸ ਪ੍ਰਤੀ ਪੇਰਿਤ ਕਰਦਾ ਰਹੇਗਾ। ਗੁਰਿੰਦਰ ਪਾਲ ਸਿੰਘ ਆਪਣੇ ਖੇਤਾਂ ਦੀ ਮਿੱਟੀ ਅਤੇ ਪਾਣੀ ਦੀ ਨਿਰੰਤਰ ਹਰ ਸਾਲ ਪਰਖ ਵੀ ਕਰਵਾਉਂਦਾ ਹੈ ਜਿਸ ਨਾਲ ਉਸ ਦੀ ਖੇਤੀ ਵਿਚ ਵਿਕਾਸ ਦਿਖਾਈ ਦਿੰਦਾ ਹੈ। ਗੁਰਿੰਦਰ ਪਾਲ ਸਿੰਘ ਨੇ ਆਪਣੇ ਫਾਰਮ ਨੂੰ ਇਕ ਤਜ਼ਰਬਾ ਖੇਤਰ ਬਣਾਇਆ ਹੋਇਆ ਹੈ ਜਿਸ ਵਿਚ ਉਹ ਦੂਜੇ ਕਿਸਾਨਾਂ ਨੂੰ ਬੀਜ ਉਤਪਾਦਨ ਨਾਲ ਸੰਬੰਧਤ ਜਾਣਕਾਰੀ ਦਿੰਦਾ ਰਹਿੰਦਾ ਹੈ। ਪੰਜਾਬ ਦੇ ਵੱਖ ਵੱਖ ਵਿਭਾਗਾਂ ਅਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੁਆਰਾ ਲਗਾਏ ਜਾਂਦੇ ਕਿਸਾਨ ਕੈਂਪਾਂ, ਮੇਲਿਆਂ ਅਤੇ ਪ੍ਰਦਰਸ਼ਨੀਆਂ ਵਿਚ ਵੀ ਗੁਰਿੰਦਰ ਪਾਲ ਸਿੰਘ ਬੜੇ ਉਤਸ਼ਾਹ ਨਾਲ ਹਿੱਸਾ ਲੈਂਦਾ ਰਿਹਾ ਹੈ। ਲਾਕਡਾਊਨ ਅਤੇ ਕਰੋਨਾ ਦੇ ਮਾੜੇ ਦੌਰ ਵਿਚ ਵੀ ਗੁਰਿੰਦਰ ਪਾਲ ਸਿੰਘ ਬੀਜ ਉਤਪਾਦਨ ਦਾ ਕੰਮ-ਕਾਜ ਨਿਰਵਿਘਨ ਚਲਦਾ ਰਿਹਾ ਅਤੇ ਬੀਜਾਂ ਦੀ ਵਿਕਰੀ ਕਰਨ ਵਿਚ ਵੀ ਕੋਈ ਬਹੁਤੀ ਵੱਡੀ ਮੁਸ਼ਕਿਲ ਪੇਸ਼ ਨਹੀਂ ਆਈ। ਅਸੀਂ ਗੁਰਿੰਦਰ ਪਾਲ ਸਿੰਘ ਨੂੰ ਉਸਦੀ ਇਸ ਕਾਮਯਾਬ ਖੇਤੀ ਲਈ ਬਹੁਤ ਬਹੁਤ ਸ਼ੁਭਕਾਮਨਾਵਾਂ ਦਿੰਦੇ ਹਾਂ।



ਦਿਨੇਸ਼ ਦਮਾਥੀਆ
ਮੋ. 94177-14390

ਆਜ਼ਾਦੀ ਦਿਹਾੜੇ ਦੀ ਲੱਖ-ਲੱਖ ਵਧਾਈ ਹੋਵੇ

BEW

ਕਿਸਾਨ ਖੁਸ਼ਹਾਲ
ਤਾਂ ਦੇਸ਼ ਖੁਸ਼ਹਾਲ

KSA

4 IN 1 COMBO

BEW ਸੁਪਰ ਸੀਡਰ



- ਲੋਨ ਉਪਲੱਬਧ
- ਪਾਉਡਰ ਕੋਟਿੰਗ ਪੇਂਟ
- ਸਬਸਿਡੀ ਉਪਲੱਬਧ
- ਪੇਟੇਂਟ ਡਿਜਾਇਨ
- ਬੁਕਿੰਗ ਸ਼ੁਰੂ

TOLL FREE NUMBER
1800-120-004455

- KS AGROTECH PVT. LTD.
- BHAGWAN ENGINNERING WORKS
- KS POWERTECH PVT. LTD.
- KS AGRICULTURAL INDUSTRIES PVT. LTD.

Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

ਪੀ.ਏ.ਯੂ. ਵੱਲੋਂ ਸਤੰਬਰ ਵਿੱਚ ਲਗਾਏ ਜਾ ਰਹੇ

ਕਿਸਾਨ ਮੇਲੇ

| | | | |
|---|---|---|---|
| ਨਾਗਕਲਾਂ (ਅੰਮ੍ਰਿਤਸਰ) | 3 ਸਤੰਬਰ | ਗੁਰਦਾਸਪੁਰ | 18 ਸਤੰਬਰ |
| ਬੱਲੋਵਾਲ ਸੌਂਖੜੀ | 6 ਸਤੰਬਰ | ਰੌਣੀ (ਪਟਿਆਲਾ) | 24 ਸਤੰਬਰ |
| ਫਰੀਦਕੋਟ | 10 ਸਤੰਬਰ | ਬਠਿੰਡਾ | 27 ਸਤੰਬਰ |

ਪੀ.ਏ.ਯੂ. ਲੁਧਿਆਣਾ 13 ਤੇ 14 ਸਤੰਬਰ

